72

# ''ਜਦ ਮੈਨੂੰ ਵਿਹਲ ਮਿਲੇਗਾ''

(24:24-27)

''ਟਾਲਣ'' ਤੇ ਇਕ ਸਾਥੀ ਪ੍ਰਚਾਰਕ ਨੇ ਇਹ ਕਹਿੰਦਿਆਂ ਉਪਦੇਸ਼ ਦਿੱਤਾ ਕਿ ''ਇਹ ਬਹੁਤ ਅਹਿਮ ਵਿਸ਼ਾ ਹੈ ... ਕਈ ਮਹੀਨਿਆਂ ਤੋਂ ਮੈਂ ਇਸ ਉੱਤੇ ਵਚਨ ਸੁਣਾਉਣਾ ਚਾਹ ਰਿਹਾ ਸਾਂ ... ਪਰ ਕਿਸੇ ਵਜ੍ਹਾ ਕਰਕੇ ਇਸ ਨੂੰ ਟਾਲੀ ਜਾ ਰਿਹਾ ਸਾਂ!''

ਸਾਡੇ ਵਿੱਚੋਂ ਹਰ ਕੋਈ ਕੰਮਾਂ ਨੂੰ, ਖ਼ਾਸ ਕਰ ਉਨ੍ਹਾਂ ਕੰਮਾਂ ਨੂੰ ਟਾਲਣ ਦਾ ਦੋਸ਼ੀ ਹੈ ਜਿਨ੍ਹਾਂ ਵਿਚ ਸਾਨੂੰ ਅਨੰਦ ਨਹੀਂ ਆਉਂਦਾ। ਵਿਦਿਆਰਥੀ ਪ੍ਰੀਖਿਆ ਦੇਣਾ ਟਾਲਦੇ ਹਨ; ਪਤੀ ਘਰ ਦਾ ਜ਼ਰੂਰੀ ਕੰਮ ਕਰਨਾ ਟਾਲਦੇ ਹਨ; ਟੈਕਸ ਦੇਣ ਵਾਲੇ ਆਖ਼ਰੀ ਤਰੀਕ ਆਉਣ ਤਕ ਟਾਲਦੇ ਰਹਿੰਦੇ ਹਨ।[1]

ਬਹੁਤੇ ਕੰਮ ਜਿਨ੍ਹਾਂ ਨੂੰ ਅਸੀਂ ਟਾਲਦੇ ਹਾਂ, ਨਿਗੂਣੇ ਹੁੰਦੇ ਹਨ, ਪਰ ਕੁਝ ਕੰਮ ਅਤੇ ਫ਼ੈਸਲੇ ਜਿਹੜੇ ਅਸੀਂ ਟਾਲਦੇ ਹਾਂ, ਬੜੇ ਹੀ ਅਹਿਮ ਹੁੰਦੇ ਹਨ। ਕਿਸੇ ਨੇ ਲਿਖਿਆ ਹੈ:

> ਉਹ ਉਹੀ ਬਣਨ ਵਾਲਾ ਸੀ ਜੋ ਕੱਲ ਇਕ ਮਨੁੱਖ ਨੂੰ ਬਣਨਾ ਚਾਹੀਦਾ ਹੈ।
> ਕੱਲ੍ਹ ਕੋਈ ਵੀ ਉਸ ਤੋਂ ਵੱਧ ਦਿਆਲੂ ਜਾਂ ਬਹਾਦਰ ਨਹੀਂ ਹੋਵੇਗਾ।
> ਪਰ ਹਕੀਕਤ ਇਹ ਹੈ ਕਿ ਉਹ ਮਰ ਚੁੱਕਾ ਹੈ ਅਤੇ ਉਹਦਾ ਚੇਤਾ ਜਾਂਦਾ ਰਿਹਾ ਹੈ,
> ਅਤੇ ਜ਼ਿੰਦਗੀ ਦਾ ਆਪਣਾ ਸਫ਼ਰ ਪੂਰਾ ਕਰਨ ਦੇ ਬਾਅਦ ਉਹ ਜੋ ਕੁਝ ਵੀ ਛੱਡ ਕੇ
> ਗਿਆ ਹੈ ਉਹ ਉਨ੍ਹਾਂ ਕੰਮਾਂ ਦੀ ਪੰਡ ਸੀ ਜੋ ਉਹਨੇ ਚਾਹਿਆ ਸੀ ਕਿ ਭਲਕੇ ਕਰਾਂਗਾ।[2]

ਸਭ ਤੋਂ ਅਹਿਮ ਗੱਲ ਮਸੀਹੀ ਬਣਨ ਨੂੰ ਟਾਲਣਾ ਹੈ। ਇਕ ਕਹਾਣੀ ਮੁਤਾਬਕ ਇਕ ਵਾਰ ਸ਼ੈਤਾਨ ਨੇ ਆਪਣੇ ਭੂਤਾਂ ਨਾਲ ਇਕ ਸਭਾ ਕੀਤੀ, ਉਹਨੇ ਲੋਕਾਂ ਦੇ ਮਸੀਹੀ ਬਣਨ ਉੱਤੇ ਚਿੰਤਾ ਜ਼ਾਹਿਰ ਕੀਤੀ ਅਤੇ ਪੁੱਛਿਆ ਕਿ ਇਸ ਵਹਾਅ ਨੂੰ ਘੱਟ ਕਰਨ ਲਈ ਕਿਸੇ ਕੋਲ ਕੋਈ ਸੁਝਾਅ ਹੋਵੇ ਤਾਂ ਦੇਵੇ। ਇਕ ਭੂਤ ਨੇ ਕਿਹਾ, ''ਸਾਨੂੰ ਚਾਹੀਦਾ ਹੈ ਕਿ ਲੋਕਾਂ ਨੂੰ ਦੱਸੀਏ ਕਿ ਸਵਰਗ ਜਿਹੀ ਕੋਈ ਚੀਜ਼ ਨਹੀਂ ਹੈ, ਇਸ ਕਰਕੇ ਉਨ੍ਹਾਂ ਨੂੰ ਮਸੀਹੀ ਬਣਨ ਦੀ ਕੋਈ ਲੋੜ ਨਹੀਂ ਹੈ।'' ਸ਼ੈਤਾਨ ਨੇ ਕਿਹਾ, ''ਨਹੀਂ, ਇਸ ਨਾਲ ਕੋਈ ਗੱਲ ਨਹੀਂ ਬਣੇਗੀ। ਖ਼ੁਦਾ ਵਿਚ ਵਿਸ਼ਵਾਸ ਰੱਖਣ ਵਾਲੇ ਸਭ ਲੋਕਾਂ ਨੂੰ ਪਤਾ ਹੈ ਕਿ ਇਸ ਜ਼ਿੰਦਗੀ ਤੋਂ ਬਾਅਦ ਵੀ ਕੁਝ ਹੈ ਭਾਵ ਖ਼ੁਦਾ ਹੈ।'' ਇਕ ਹੋਰ ਭੂਤ ਬੋਲਿਆ, ''ਅਸੀਂ ਲੋਕਾਂ ਨੂੰ ਦੱਸ ਸਕਦੇ ਹਾਂ ਕਿ ਨਰਕ ਹੈ ਨਹੀਂ, ਇਸ ਲਈ ਜੇ ਉਹ ਮਸੀਹੀ ਨਹੀਂ ਬਣਦੇ ਤਾਂ ਉਨ੍ਹਾਂ ਨੂੰ ਫ਼ਿਕਰ ਕਰਨ ਦੀ ਕੋਈ ਲੋੜ ਹੈ ਨਹੀਂ।'' ਸ਼ੈਤਾਨ ਨੇ ਲੰਮਾ ਸਾਹ ਲਿਆ। ''ਇਸ ਨਾਲ ਵੀ ਗੱਲ ਨਹੀਂ ਬਣੇਗੀ। ਕੋਈ ਵੀ ਜੋ ਦੁਨੀਆਂ ਵਿਚ ਅਨਿਆਂ ਨੂੰ ਵੇਖਦਾ ਹੈ ਉਹਨੂੰ ਪਤਾ ਹੈ ਕਿ ਅਜਿਹਾ ਵਕਤ ਆਵੇਗਾ ਜਦ ਸਭ ਕੁਝ ਠੀਕ ਹੋ

ਜਾਵੇਗਾ।'' ਅਖ਼ੀਰ ਵਿਚ ਇਕ ਭੂਤ ਨੇ ਸੁਝਾਅ ਦਿੱਤਾ, ''ਸਾਨੂੰ ਚਾਹੀਦਾ ਹੈ ਕਿ ਲੋਕਾਂ ਨੂੰ ਦੱਸੀਏ ਕਿ ਉਹ ਮਸੀਹੀ ਜ਼ਰੂਰ ਬਣਨ, ਸਵਰਗ ਅਤੇ ਨਰਕ ਤਾਂ ਹੈ *ਪਰ ਕਾਹਲੀ ਕਰਨ ਦੀ ਕੋਈ ਲੋੜ ਨਹੀਂ ਹੈ।*'' ਸ਼ੈਤਾਨ ਨੇ ਹੱਸ ਕੇ ਕਿਹਾ, ''ਬਿਲਕੁਲ ਸਹੀ, ਇਸ ਨਾਲ ਐਨੇ ਲੋਕ ਨਾਸ ਹੋਣਗੇ ਜਿੰਨੇ ਹੋਰ ਕਿਸੇ ਵੀ ਤਰ੍ਹਾਂ ਨਹੀਂ ਹੋ ਸਕਦੇ!'' ਇਹ ਕਹਾਣੀ ਮਨਘੜਤ ਹੈ, ਪਰ ਇਸ ਦਾ ਸੰਦੇਸ਼ ਮਨਘੜਤ ਨਹੀਂ ਹੈ ਕਿਉਂਕਿ ਇਸ ਵਿਚਾਰ ਨੇ ਕਿ ''ਕਾਹਲੀ ਕਰਨ ਦੀ ਕੋਈ ਲੋੜ ਨਹੀਂ ਹੈ'' ਕਰੋੜਾਂ ਲੋਕਾਂ ਨੂੰ ਖ਼ੁਦਾ ਕੋਲ ਬਿਨਾਂ ਤਿਆਰੀ ਦੇ ਭੇਜ ਦਿੱਤਾ ਹੈ।

ਇਹ ਪਾਠ ''ਰਸੂਲਾਂ ਦੇ ਕੰਮ'' ਕਿਤਾਬ ਵਿਚ ਟਾਲਣ ਦੀ ਇਕ ਬੇਹਤਰੀਨ ਘਟਨਾ ਭਾਵ ਅਧਿਆਇ 24 ਵਾਲੇ ਰਾਜਪਾਲ ਫ਼ੇਲਿਕਸ ਦੇ ਨਾ ਬਦਲਣ ਤੇ ਅਧਾਰਤ ਹੈ। ਇਸ ਅਧਿਆਇ ਦਾ ਅਧਿਐਨ ਕਰਦਿਆਂ ਪਹਿਲੇ ਭਾਗ ਵਿਚ ਪੌਲੁਸ ਦੇ ਫ਼ੇਲਿਕਸ ਸਾਹਮਣੇ ਖੜੇ ਹੋਣ ਅਤੇ ਆਖ਼ਰੀ ਭਾਗ ਵਿਚ ਫ਼ੇਲਿਕਸ ਦੇ ਪੌਲੁਸ ਸਾਹਮਣੇ ਖੜੇ ਹੋਣ ਦੀਆਂ ਸਮਾਨਤਾਵਾਂ ਵੇਖ ਕੇ ਮੈਂ ਦੰਗ ਰਹਿ ਗਿਆ ਪੌਲੁਸ ਦੀ ਪੇਸ਼ੀ ਇਕ ਦਿਨ ਵਾਸਤੇ ਸੀ ਜਦ ਕਿ ਫ਼ੇਲਿਕਸ ਦੀ ਪੇਸ਼ੀ ਦੋ ਸਾਲਾਂ ਲਈ।

## ਦੋ ਬੰਦਿਆਂ 'ਤੇ ਮੁਕੱਦਮਾ (24:24)

''ਪਰ ਕਈ ਦਿਨਾਂ ਪਿੱਛੋਂ [ਪੌਲੁਸ ਦੇ ਸੁਰੱਖਿਅਤ ਪਹਿਰੇ ਵਿਚ ਭੇਜੇ ਜਾਣ ਦੇ ਬਾਅਦ] ਫ਼ੇਲਿਕਸ ਆਪਣੀ ਪਤਨੀ ਦਰੁਸਿੱਲਾ ਸਣੇ ਜਿਹੜੀ ਯਹੂਦਣ ਸੀ ਆਇਆ'' (ਆਇਤ 24ੳ)। ਫ਼ੇਲਿਕਸ ਨੂੰ ਰਾਜਪਾਲ ਹੋਣ ਕਰਕੇ ਆਪਣੇ ਫ਼ਰਜ਼ ਨਿਭਾਉਣ ਲਈ ਇਲਾਕੇ ਦੀ ਜਾਂਚ, ਦੂਜੇ ਅਧਿਕਾਰੀਆਂ ਨਾਲ ਰਸਮੀ ਮੇਲ ਅਤੇ ਕਈ ਹੋਰ ਕੰਮਾਂ ਲਈ ਜਾਣਾ ਪੈਂਦਾ ਸੀ। ਅਜਿਹੇ ਹੀ ਕਿਸੇ ਦੌਰੇ ਤੋਂ ਵਾਪਸ ਆਉਂਦਿਆਂ ਰਾਜਪਾਲ ਅਤੇ ਉਹਦੀ ਪਤਨੀ ਕੈਸਰੀਆ ਵਿਚ ਪਹੁੰਚੇ।[3]

ਅੱਗੇ ਵਧਣ ਤੋਂ ਪਹਿਲਾਂ, ਇਸ ਪ੍ਰਸਿੱਧ ਜੋੜੇ ਦੀ ਸੰਖੇਪ ਜਿਹੀ ਤਸਵੀਰ ਬਣਾਉਣੀ ਢੁੱਕਵੀਂ ਹੈ। ਫ਼ੇਲਿਕਸ[4] ਦਾ ਜਨਮ ਕਲੌਦਿਉਸ ਦੀ ਮਾਤਾ ਅੰਟੋਨੀਆ ਦੇ ਪਰਿਵਾਰ ਵਿਚ ਗ਼ੁਲਾਮ ਦੇ ਰੂਪ ਵਿਚ ਹੋਇਆ ਸੀ। ਅੰਟੋਨੀਆ ਨੂੰ ਫ਼ੇਲਿਕਸ ਅਤੇ ਉਹਦਾ ਭਰਾ ਪੱਲਾਸ ਚੰਗੇ ਲੱਗਣ ਲੱਗੇ, ਉਸ ਨੇ ਉਨ੍ਹਾਂ ਨੂੰ ਅਜ਼ਾਦ ਕਰ ਦਿੱਤਾ। ਕਲੌਦਿਉਸ ਦੇ ਹਾਕਮ ਬਣਨ ਦੇ ਬਾਅਦ ਪੱਲਾਸ ਕਲੌਦਿਉਸ ਦਾ ਚਹੇਤਾ ਬਣ ਗਿਆ ਅਤੇ ਹਕੂਮਤ ਵਿਚ ਉਹ ਬਹੁਤ ਖ਼ਾਸ ਬੰਦਾ ਬਣ ਗਿਆ। ਪੱਲਾਸ ਦੇ ਪ੍ਰਭਾਵ ਨਾਲ ਹੀ ਫ਼ੇਲਿਕਸ ਪਹਿਲਾਂ ਤਾਂ ਸਾਮਰੀਆ ਅਤੇ ਫਿਰ ਯਹੂਦੀਆ ਦਾ ਹਾਕਮ ਬਣਿਆ। ਗ਼ੁਲਾਮਾਂ ਦੇ ਇਤਿਹਾਸ ਵਿਚ ਅਜਿਹਾ ਰੁਤਬਾ ਪਾਉਣ ਵਾਲਾ ਫ਼ੇਲਿਕਸ ਪਹਿਲਾ ਗ਼ੁਲਾਮ ਸੀ।

ਫ਼ੇਲਿਕਸ ਕੋਲ ਅਹੁਦਾ ਤਾਂ ਸੀ, ਪਰ ਸਰਕਾਰ ਚਲਾਉਣ ਦੀ ਤਾਕਤ ਨਹੀਂ ਸੀ। ਰੋਮੀ ਇਤਿਹਾਸਕਾਰ ਟੇਸਿਟੁਸ ਨੇ ਲਿਖਿਆ ਹੈ ਕਿ ''[ਫ਼ੇਲਿਕਸ ਨੇ] ਹਰ ਤਰ੍ਹਾਂ ਦੇ ਜ਼ੁਲਮ ਅਤੇ ਲਾਲਚ ਨਾਲ ਗ਼ੁਲਾਮ ਦੇ ਨਜ਼ਰੀਏ ਨਾਲ ਰਾਜੇ ਦੇ ਰੂਪ ਵਿਚ ਕੰਮ ਕੀਤਾ।''[5] ਇਕ ਲੇਖਕ ਨੇ ਇਸ ਹਾਕਮ ਨੂੰ ਜ਼ਾਲਮ, ਭ੍ਰਿਸ਼ਟ, ਲੋਭੀ ਅਤੇ ਮੌਕਾਪ੍ਰਸਤ ਦੱਸਿਆ।[6] ਯਹੂਦੀਆ ਵਿਚ ਗੜਬੜ ਦੌਰਾਨ ਫ਼ੇਲਿਕਸ ਹੀ ਹਾਕਮ ਸੀ। ਕੋਈ ਹੁਸ਼ਿਆਰ ਅਤੇ ਕੂਟਨੀਤਕ ਹੁੰਦਾ ਤਾਂ ਉਹ *ਮੁਸ਼ਕਿਲ* ਦੀ ਇਸ ਘੜੀ ਨੂੰ ਸ਼ਾਂਤ ਕਰ ਸਕਦਾ ਸੀ, ਪਰ ਫ਼ੇਲਿਕਸ ਵਿਚ ਕੋਈ ਲਿਆਕਤ ਨਹੀਂ ਸੀ। ਇਤਿਹਾਸਕਾਰ ਕਹਿੰਦੇ ਹਨ ਕਿ ਉਹਦੀ ਸਖ਼ਤ ਹਕੂਮਤ ਹੀ ਇਕ ਦਹਾਕੇ ਤੋਂ ਵੀ ਘੱਟ ਵਕਤ ਵਿਚ ਯਹੂਦੀ ਬਗ਼ਾਵਤ ਦਾ ਵੱਡਾ ਕਾਰਨ ਬਣੀ ਸੀ, ਜਿਸ ਕਰਕੇ ਯਰੂਸ਼ਲਮ ਦੀ ਬਰਬਾਦੀ ਹੋਈ।

ਰਾਜਪਾਲ ਕੋਲ ਬੈਠੀ ਔਰਤ ਖੁਦਗ਼ਰਜ਼ ਅਤੇ ਬੇਲਗਾਮ ਕਾਮ ਵਾਸਨਾ ਵਿਚ ਉਹਦੇ ਨਾਲ ਸੀ। ਉਹ ਬਦਨਾਮ ਹੈਰੋਦੇਸ ਦੇ ਪਰਿਵਾਰ ਵਿੱਚੋਂ ਸੀ।[7] ਉਹਦੇ ਪਿਤਾ ਨੇ ਰਸੂਲ ਯਾਕੂਬ ਦਾ ਕਤਲ ਕਰਵਾਇਆ ਸੀ (12:1, 2)। ਉਹਦੇ ਦਾਦੇ ਦੇ ਭਰਾ ਨੇ ਯੂਹੰਨਾ ਬਪਤਿਸਮਾ ਦੇਣ ਵਾਲੇ ਨੂੰ ਮਰਵਾਇਆ ਸੀ (ਮੱਤੀ 14:1-12) ਅਤੇ ਯਿਸੂ ਦਾ ਮਜ਼ਾਕ ਉਡਾਇਆ ਸੀ (ਲੂਕਾ 23:6-12)। ਉਹਦੇ ਪੜਦਾਦੇ ਨੇ ਬਾਲ ਯਿਸੂ ਨੂੰ ਮਰਵਾਉਣ ਦੀ ਕੋਸ਼ਿਸ਼ ਕੀਤੀ ਸੀ (ਮੱਤੀ 2)। ਦਰੂਸਿੱਲਾ ਨੂੰ ''ਯਹੂਦਣ'' ਕਿਹਾ ਜਾਂਦਾ ਸੀ ਕਿਉਂਕਿ ਉਹਦੀ ਪੜਦਾਦੀ ਮਰਿਅਮਨੇ ਇਕ ਮਸ਼ਹੂਰ ਯਹੂਦੀ ਖ਼ਾਨਦਾਨ ਵਿੱਚੋਂ ਸੀ।[8] ਦਰੂਸਿੱਲਾ ਦਾ ਭਰਾ ਹੈਰੋਦੇਸ ਦੂਜਾ ਅਤੇ ਬਰਨੀਕੇ ਨਾਂਅ ਦੀ ਉਹਦੀ ਭੈਣ ਸੀ, ਜਿਨ੍ਹਾਂ ਨੂੰ ਅਸੀਂ ਅਧਿਆਇ 25 ਵਿਚ ਮਿਲਾਂਗੇ।

ਇਤਿਹਾਸਕਾਰ ਦਰੂਸਿੱਲਾ ਦੇ ਹੁਸਨ ਦੀ ਤਾਰੀਫ਼ ਕਰਦੇ ਥੱਕਦੇ ਨਹੀਂ। ਕਲੋਵਿਉਸ ਚੈਪਲ ਨੇ ਕਿਹਾ ਸੀ ਕਿ ਜਿੰਨੀ ਉਹ ''ਅੰਦਰੋਂ ਗੰਦੀ'' ਸੀ, ਓਨੀ ਹੀ ''ਬਾਹਰੋਂ ਸੋਹਣੀ'' ਸੀ।[9] ਦਰੂਸਿੱਲਾ ਉਸ ਰਾਜਪਾਲ ਦੀ ਤੀਜੀ ਪਤਨੀ ਸੀ।[10] ਫ਼ੇਲਿਕਸ ਨੇ ਉਸ ਨੂੰ ਉਹਦੇ ਪਤੀ ਕੋਲੋਂ ਖੋਹਿਆ ਸੀ ਜਦ ਉਹ ਮਸਾਂ ਸੋਲਾਂ ਕੁ ਸਾਲ ਦੀ ਸੀ। ਦਰੂਸਿੱਲਾ ਅਜੇ ਵੀਹਾਂ ਕੁ ਸਾਲਾਂ ਦੀ ਵੀ ਨਹੀਂ ਹੋਈ ਸੀ, ਪਰ ਦੁਨਿਆਵੀ ਕੰਮ ਕਾਜ ਵਿਚ ਬਹੁਤ ਹੁਸ਼ਿਆਰ ਸੀ।

ਸਾਡੀ ਕਹਾਣੀ ਦੇ ਵਕਤ ਫ਼ੇਲਿਕਸ ਅਤੇ ਦਰੂਸਿੱਲਾ ਕੈਸਰੀਆ ਵਿਚ ਪਹੁੰਚੇ ਹੋਏ ਸਨ। ਖ਼ਬਰਾਂ ਛਾਂਟਦਿਆਂ ਪਹਿਲਾ ਨਾਂਅ ਪੌਲੁਸ ਦਾ ਹੀ ਆਇਆ ਅਤੇ ਜ਼ਾਹਿਰ ਹੈ ਕਿ ਦਰੂਸਿੱਲਾ ਨੇ ਉਸ ਨੂੰ ਵੇਖਣ ਅਤੇ ਸੁਣਨ ਵਿਚ ਦਿਲਚਸਪੀ ਵਿਖਾਈ। ਵੈਸਟਰਨ ਟੈਕਸਟ ਵਿਚ ਜੋੜਿਆ ਗਿਆ ਹੈ ਕਿ ਦਰੂਸਿੱਲਾ ਨੇ ''ਪੌਲੁਸ ਨੂੰ ਵੇਖਣ ਅਤੇ ਬੋਲਦੇ ਸੁਣਨ ਲਈ ਕਿਹਾ, ਇਸ ਲਈ ਉਸ ਦੀ ਇੱਛਾ ਪੂਰੀ ਕਰਨ ਲਈ [ਫ਼ੇਲਿਕਸ ਨੇ] ਪੌਲੁਸ ਨੂੰ ਬੁਲਵਾ ਲਿਆ।'' ਦਰੂਸਿੱਲਾ ਪੌਲੁਸ ਦੀਆਂ ਗੱਲਾਂ ਕਿਉਂ ਸੁਣਨਾ ਚਾਹੁੰਦੀ ਹੋਵੇਗੀ? ਭਲਾ ਉਹ ਉਦਾਸ ਸ਼ਾਮ ਵਿਚ ਆਪਣਾ ਦਿਲ ਪਰਚਾਉਣਾ ਚਾਹੁੰਦੀ ਸੀ,[11] ਜਾਂ ਉਸ ਰਾਹ ਬਾਰੇ ਜਾਣਨ ਦੀ ਉਹਦੀ ਸਚਮੁਚ ਤਮੰਨਾ ਸੀ? ਸਾਨੂੰ ਉਮੀਦ ਹੋਵੇਗੀ ਕਿ ਉਹਦੀ ਦਿਲਚਸਪੀ ਵਿਚ ਖੋਟ ਨਹੀਂ ਸੀ।

ਵਜ੍ਹਾ ਜੋ ਵੀ ਹੋਵੇ, ਫ਼ੇਲਿਕਸ ਨੇ ''ਪੌਲੁਸ ਨੂੰ ਬੁਲਵਾ'' ਲਿਆ (24:24ਅ)। ਸੀ.ਸੀ. ਕ੍ਰਾਫੋਰਡ ਨੇ ਇਸ ਦ੍ਰਿਸ਼ ਨੂੰ ਇੰਜ ਵਿਖਾਇਆ ਹੈ:

> ਫ਼ੇਲਿਕਸ ਪੌਲੁਸ ਨੂੰ ਮਸੀਹ ਵਿਚ ਆਪਣੇ ਵਿਸ਼ਵਾਸ ਬਾਰੇ ਹੋਰ ਦੱਸਣ ਲਈ ਪਹਿਰੇ ਵਾਲੇ ਕਮਰੇ 'ਚੋਂ ਲਿਆਉਣ ਦਾ ਹੁਕਮ ਦਿੰਦਾ ਹੈ। ਸੰਗਮਰਮਰ ਦੀ ਪੌੜੀ ਉੱਤੇ ਛੰਨ ਛੰਨ ਦੀ ਅਵਾਜ਼ ਆਉਂਦੀ ਹੈ, ਇਕ ਛੋਟੇ ਕੱਦ ਵਾਲਾ ਆਦਮੀ ਜਿਹਦੀ ਉਮਰ ਸੱਠ ਕੁ ਸਾਲ ਹੈ, ਪਰ ਲਗਦਾ ਅੱਸੀਆਂ ਦਾ ਹੈ। ਯਾਨੀ ਪੌਲੁਸ ਉਹਦੇ ਸਾਹਮਣੇ ਚੱਲਦਾ ਹੈ। ਉਹ ਰਾਜਪਾਲ ਅਤੇ ਉਹਦੇ ਕੋਲ ਬੈਠੀ ਖ਼ੂਬਸੂਰਤ ਔਰਤ ਦੇ ਸਾਹਮਣੇ ਅਦਬ ਨਾਲ ਝੁਕਦਾ ਹੈ। ਉਨ੍ਹਾਂ ਦੀ ਅਰਜ਼ ਤੇ ਉਹ ਵਿਸ਼ਵਾਸ ਦੀਆਂ ਬੁਨਿਆਦੀ ਗੱਲਾਂ ਦੱਸਣ ਲਗਦਾ ਹੈ।[12]

## ਇਲਜ਼ਾਮ (24:24, 25)

ਅਤੇ ਦਰੂਸਿੱਲਾ ਦੇ ਸਾਹਮਣੇ ਖੜੇ ਹੋਣ ਸਮੇਂ ਪੌਲੁਸ ਉਨ੍ਹਾਂ ਨੂੰ ਯੂਨਾਨੀ ਦਰਸ਼ਨ, ਪ੍ਰਾਚੀਨ ਮਿੱਥਕ ਵਿੱਦਿਆ, ਸਫ਼ਰ ਵਿਚ ਹੋਏ ਬਹੁਤ ਸਾਰੇ ਮੋਅਜਜ਼ਿਆਂ ਬਾਰੇ ਦੱਸ ਕੇ ਮੋਹਿਤ ਕਰਕੇ ਪ੍ਰਭਾਵਿਤ ਕਰ ਸਕਦਾ ਸੀ। ਪਰ ਪੌਲੁਸ ਦੀ ਦਿਲਚਸਪੀ ਉਨ੍ਹਾਂ ਤੋਂ ਵਡਿਆਈ ਪਾਉਣ ਦੀ

ਨਹੀਂ ਸਗੋਂ ਉਨ੍ਹਾਂ ਦੀਆਂ ਰੂਹਾਂ ਜਿੱਤਣ ਦੀ ਸੀ।[13] ਉਹਨੇ ਉਨ੍ਹਾਂ ਨਾਲ ''ਮਸੀਹ ਯਿਸੂ ਦੇ ਉੱਤੇ ਨਿਹਚਾ ਕਰਨ ਦੇ ਵਿਖੇ'' (ਆਇਤ 24ੲ) ਗੱਲਬਾਤ ਕੀਤੀ। ਦਰੂਸਿੱਲਾ ਦਾ ਪਿਛੋਕੜ ਯਹੂਦੀ ਸੀ, ਜਿਸ ਕਰਕੇ ਇਸ ਰਸੂਲ ਨੇ ਪੁਰਾਣੇ ਨੇਮ ਦੀਆਂ ਨਬੂਵਤਾਂ ਤੋਂ ਸ਼ੁਰੂ ਕਰਕੇ ਯਿਸੂ ਦੀ ਜ਼ਿੰਦਗੀ ਵਿਚ ਉਨ੍ਹਾਂ ਦੇ ਪੂਰਾ ਹੋਣ ਨੂੰ ਵਿਸਤਾਰ ਨਾਲ ਦੱਸਿਆ ਹੋਵੇਗਾ (ਵੇਖੋ 17:2, 3)। ਯਕੀਨਨ ਹੀ ਉਹਨੇ ਯਿਸੂ ਦੇ ਸਲੀਬ ਚੜ੍ਹਾਏ ਜਾਣ, ਜੀ ਉੱਠਣ ਅਤੇ ਮੁਕਤੀ ਲਈ ਉਸ ਵਿਚ ਭਰੋਸਾ ਰੱਖਣ ਦੀ ਲੋੜ ਬਾਰੇ ਦੱਸਿਆ ਹੋਵੇਗਾ (4:12; 2:37, 38)।

ਫਿਰ ਪੌਲੁਸ ਦੇ ਉਪਦੇਸ਼ ਨੇ ਇਕ ਅਚਾਨਕ ਮੋੜ ਲਿਆ। ਇਹ ਇਸ਼ਾਰਾ ਕਰਨ ਨਾਲ ਕਿ ਯਿਸੂ ਵਿਚ ਵਿਸ਼ਵਾਸ ਲਈ ਨੈਤਿਕ ਉਲਝਣਾਂ ਅਤੇ ਜ਼ਰੂਰਤਾਂ ਹਨ, ਉਹਦਾ ਉਪਦੇਸ਼ ਦੁਖਦਾਈ ਤਰੀਕੇ ਨਾਲ ਨਿੱਜੀ ਲੱਗਣ ਲੱਗਾ। ਕਈ ਵਾਰ ਮੈਂ ਲੋਕਾਂ ਨੂੰ ਇਹ ਕਹਿੰਦਿਆਂ ਸੁਣਿਆ ਹੈ ਕਿ ''ਪ੍ਰਚਾਰਕ ਭਾਈ, ਤੁਸੀਂ ਵਚਨ ਸੁਣਾਉਣਾ ਛੱਡ ਕੇ ਦਖ਼ਲਅੰਦਾਜ਼ੀ ਕਰਨ ਲਗ ਪਏ ਹੋ।'' ਅੱਜ ਨਹੀਂ ਤਾਂ ਕੱਲ੍ਹ ਸਹੀ ਵਚਨ ਸੁਣਾਉਣ ਨੂੰ ਲੋਕ ਦਖ਼ਲਅੰਦਾਜ਼ੀ ਹੀ ਕਹਿਣਗੇ[14] ਕਿਉਂਕਿ ਵਚਨ ਸੁਣਾਉਣਾ ਤਾਂ ਸਾਡੀ ਜ਼ਿੰਦਗੀ ਦੀ ਲੋੜ ਮੁਤਾਬਕ ਹੀ ਹੋਣਾ ਹੈ।

ਪੌਲੁਸ ਵੱਲੋਂ ਸੁਣਾਇਆ ਗਿਆ ਵਚਨ ਵਿਹਾਰਕ, ਝਿੜਕਣ ਵਾਲਾ, ਅਟੱਲ ਅਤੇ ਜੋਖ਼ਿਮ ਭਰਿਆ ਸੀ। ਲੂਕਾ ਨੇ ਪੌਲੁਸ ਰਸੂਲ ਦੇ ਤਿੰਨ ਨੁਕਾਤੀ ਉਪਦੇਸ਼ ਦੀ ਰੂਪ ਰੇਖਾ ਲਿਖੀ ਹੈ: ''ਉਹ ਧਰਮ ਅਤੇ *ਸੰਜਮ* ਅਤੇ *ਹੋਣ ਵਾਲੀ ਅਦਾਲਤ* ਦੇ ਵਿਖੇ ਵਚਨ ਸੁਣਾ ਰਿਹਾ ਸੀ'' (ਆਇਤ 25ੳ)। ਮੁਕੱਦਮੇ ਵਿਚ ਫ਼ੇਲਿਕਸ ਦੇ ਸਾਹਮਣੇ ਪੌਲੁਸ ਉੱਤੇ ਤਿੰਨ ਇਲਜ਼ਾਮ ਲੱਗੇ ਸਨ (24:5, 6), ਜਿਨ੍ਹਾਂ ਬਾਰੇ ਸਾਫ਼ ਸੀ ਕਿ ਉਹ ਝੂਠ ਹਨ। ਅਸਲ 'ਚ ਹੁਣ ਫ਼ੇਲਿਕਸ ਅਤੇ ਦਰੂਸਿੱਲਾ ਉੱਤੇ ਤਿੰਨ ਇਲਜ਼ਾਮ ਲੱਗੇ ਸਨ ਜੋ ਦੁਖਦਾਈ ਤਰੀਕੇ ਨਾਲ ਸੱਚ ਸਨ।

ਪੌਲੁਸ ਨੇ *''ਧਰਮ'' ਦੀ ਗੱਲ ਇਕ ਅਜਿਹੇ ਜੋੜੇ ਨਾਲ ਕੀਤੀ ਜਿਨ੍ਹਾਂ ਦੀ ਜ਼ਿੰਦਗੀ ਬੇਇਨਸਾਫ਼ੀ ਅਤੇ ਗੁਨਾਹ ਨਾਲ ਭਰੀ ਹੋਈ ਸੀ।*[15] ਅਨੁਵਾਦ ਹੋਏ ਸ਼ਬਦ ''ਧਰਮ'' ਨੂੰ ਭਲਾਈ ਕਰਨਾ ਕਿਹਾ ਜਾ ਸਕਦਾ ਹੈ। ਜ਼ਬੂਰ ਲਿਖਣ ਵਾਲੇ ਨੇ ਖ਼ੁਦਾ ਨੂੰ ਕਿਹਾ ਸੀ, ''ਤੇਰੇ ਸਾਰੇ ਹੁਕਮ ਧਰਮ ਦੇ ਹਨ'' (ਜ਼ਬੂਰ 119:172ਅ)। ਯਿਸੂ ਨੇ ਕਿਹਾ ਸੀ, ''ਸਾਨੂੰ ਯੋਗ ਹੈ ਕਿ ਸਾਰੇ ਧਰਮ ਨੂੰ ਇਸੇ ਤਰ੍ਹਾਂ ਪੂਰਾ ਕਰੀਏ'' (ਮੱਤੀ 3:15ਅ)। ਇਸ ਸ਼ਬਦ ਨੂੰ ਖ਼ੁਦਾ ਦੀ ਨਜ਼ਰ ਵਿਚ ਚੰਗਾ ਹੋਣਾ ਗਿਣਿਆ ਜਾ ਸਕਦਾ ਹੈ (ਫ਼ਿਲਿੱਪੀਆਂ 3:9)। ਅਬਰਾਹਾਮ ਦਾ ਵਿਸ਼ਵਾਸ ''ਉਹ ਦੇ ਲਈ ਧਰਮ ਗਿਣਿਆ ਗਿਆ'' (ਰੋਮੀਆਂ 4:3ਅ)। ਧਾਰਮਿਕਤਾ ਨਾਲ ''ਨਿਆਂ'' ਨਿਆਂਸੰਗਤ ਅਤੇ ਨਿਰਪੱਖ ਹੋਣਾ ਉਹ ਗੁਣ ਹਨ ਜਿਨ੍ਹਾਂ ਤੋਂ ਰਾਜਪਾਲ ਅਤੇ ਉਹਦੀ ਪਤਨੀ ਵਾਕਫ਼ ਨਹੀਂ ਸਨ।

ਇਸ ਨੂੰ ਸਿਰਫ਼ ਇੰਜ ਹੀ ਲਓ ਕਿ ਪੌਲੁਸ ਨੇ ਪਾਪ ਬਾਰੇ, ਖ਼ਾਸ ਕਰਕੇ ਇਹ ਪ੍ਰਚਾਰ ਕੀਤਾ ਕਿ ਫ਼ੇਲਿਕਸ ਅਤੇ ਦਰੂਸਿੱਲਾ ਪਾਪੀ ਸਨ ਜਿਨ੍ਹਾਂ ਨੂੰ ਖ਼ੁਦਾ ਦੇ ਫ਼ਜ਼ਲ ਦੀ ਲੋੜ ਸੀ। ਯਿਸੂ ਨੇ ਕਿਹਾ ਸੀ ਕਿ ਪਵਿੱਤਰ ਆਤਮਾ ''ਜਗਤ ਨੂੰ ਪਾਪ, ਧਰਮ ਅਰ ਨਿਆਉਂ ਦੇ ਵਿਖੇ ਕਾਇਲ ਕਰੇਗਾ'' (ਯੂਹੰਨਾ 16:8ਅ)।ਅੱਜ ਦੁਨੀਆਂ ਦੀ ਸਭ ਤੋਂ ਵੱਡੀ ਲੋੜ ਇਹੀ ਹੈ ਕਿਉਂਕਿ ਇਸ ਵਿਚ ਪਾਪ ਦੀ ਸੋਝੀ ਨਹੀਂ ਰਹੀ ਹੈ। ਮੰਨੇ ਪ੍ਰਮੰਨੇ ਲੇਖਕ ਅਤੇ ਕਵੀ, ਫ਼ਿਲਿਸ ਮੈਕਗਿਨਲੇ ਨੇ ਲਿਖਿਆ ਹੈ ਕਿ ''ਲੋਕ ਹੁਣ ਪਾਪ ਨਾਲ ਭਰੇ ਨਹੀਂ ਰਹੇ। ਉਹ ਸਿਰਫ਼ ਅਨਾੜੀ ਜਾਂ ਸ਼ੋਸ਼ਿਤ ਜਾਂ ਡਰਾਏ ਹੋਏ ਜਾਂ ਹੋਰ ਸਿੱਧਾ ਕਹੋ ਤਾਂ ਬੀਮਾਰ ਹਨ।''[16] ਦੁਨੀਆਂ ਨੂੰ ਚੰਗਾ ਲੱਗੇ ਜਾਂ ਨਾ ਪਰ ਪਾਪ ਅੱਜ ਵੀ ਪਾਪ ਹੀ ਹੈ ਅਤੇ ''ਪਾਪ ਦੀ ਮਜ਼ਦੂਰੀ'' ਅੱਜ ਵੀ ਰੂਹਾਨੀ ਮੌਤ ਹੀ ਹੈ (ਰੋਮੀਆਂ 6:23)।[17]

ਅਮਰੀਕਾ ਦੇ ਇਕ ਸਾਬਕਾ ਰਾਸ਼ਟਰਪਤੀ ਕੈਲਵਿਨ ਕੂਲਿਜ ਨੂੰ ਇਕ ਵਾਰ, ਕਲੀਸੀਆ ਨਾਲ ਬੰਦਗੀ ਵਿੱਚੋਂ ਆਉਣ ਦੇ ਬਾਅਦ ਪੁੱਛਿਆ ਗਿਆ ਕਿ ਪ੍ਰਚਾਰਕ ਨੇ ਕਿਸ ਵਿਸ਼ੇ ਤੇ ਵਚਨ ਸੁਣਾਇਆ ਹੈ। ਰਾਸ਼ਟਰਪਤੀ ਜਿਸਨੂੰ ਬਹੁਤਾ ਵਧਾਅ ਚੜ੍ਹਾ ਕੇ ਗੱਲ ਨਾ ਕਰਨ ਵਾਲਾ ਮੰਨਿਆ ਜਾਂਦਾ ਸੀ, ਕਿਹਾ, ''ਪਾਪ ਬਾਰੇ।'' ਸਵਾਲ ਪੁੱਛਣ ਵਾਲੇ ਨੇ ਜ਼ੋਰ ਦਿੱਤਾ, ''ਉਨ੍ਹਾਂ ਨੇ ਇਹਦੇ ਬਾਰੇ ਕੀ ਦੱਸਿਆ?'' ਕੂਲਿਜ ਨੇ ਜਵਾਬ ਦਿੱਤਾ, ''ਉਹ ਇਹਦੇ ਖ਼ਿਲਾਫ਼ ਸੀ।'' ਪ੍ਰਚਾਰਕ ਦੇ ''ਇਹਦੇ ਖ਼ਿਲਾਫ਼'' ਨਾ ਹੋਣ ਤਕ ਬਹੁਤ ਸਾਰੇ ਲੋਕ ਪਾਪ ਬਾਰੇ ਵਚਨ ਸੁਣਾਏ ਜਾਣ ਤੇ ਇਤਰਾਜ਼ ਨਹੀਂ ਕਰਦੇ। ਪਰ ਪੌਲੁਸ ਦਾ ਕਿਸੇ ਦੀ ਜ਼ਾਤੀ ਜ਼ਿੰਦਗੀ ਵਿਚ ਦਖ਼ਲ ਦੇਣਾ ਪਰੇਸ਼ਾਨ ਕਰਨ ਵਾਲਾ ਸੀ। *ਦੋ ਜਣਿਆਂ ਨਾਲ ਜਿਨ੍ਹਾਂ ਦੀ ਜ਼ਿੰਦਗੀ ਪਹਿਲਾਂ ਹੀ ਕਾਮ ਦੀ ਅੱਗ ਵਿਚ ਸੜ ਰਹੀ ਸੀ, ਪੌਲੁਸ ਨੇ ''ਸੰਜਮ'' ਦੀ ਗੱਲ ਕੀਤੀ।*

ਸੰਜਮ ਬਾਰੇ ਬਾਈਬਲ ਬਹੁਤ ਕੁਝ ਕਹਿੰਦੀ ਹੈ। ਸੰਜਮ ਆਤਮਾ ਦੇ ਫ਼ਲ (ਗਲਾਤੀਆਂ 5:23) ਭਾਵ ਮਸੀਹੀ ਗੁਣਾਂ ਵਿੱਚੋਂ ਇਕ ਹੈ (2 ਪਤਰਸ 1:6)।[18] ਪੰਜਾਬੀ ਸ਼ਬਦ ''ਸੰਜਮ'' ਅਤੇ ਯੂਨਾਨੀ ਸ਼ਬਦ ਦੇ ਇਸ ਤਰ੍ਹਾਂ ਅਨੁਵਾਦ ਤੋਂ ਭਾਵ ਆਪਣੇ ਆਪ ਨੂੰ ਵੱਸ ਵਿਚ ਰੱਖਣਾ ਆਪਣੀਆਂ ਖ਼ਾਹਿਸ਼ਾਂ ਤੇ ਕਾਬੂ ਪਾਉਣ ਦੀ ਅੰਦਰੂਨੀ ਸ਼ਕਤੀ,[19] ਸਰੀਰ ਨੂੰ ਉਹਦੀਆਂ ''ਲਾਲਸਾਵਾਂ ਅਤੇ ਤਮੰਨਾਵਾਂ ਸਣੇ ਸਲੀਬ ਉੱਤੇ'' (ਗਲਾਤੀਆਂ 5:24ਅ) ਚੜ੍ਹਾਉਣ ਦੀ ਕਾਬਲੀਅਤ ਹੈ। ਸੰਜਮੀ ਆਦਮੀ ਗ਼ਲਤ ਕੰਮ ਕਰਨ ਤੋਂ ਪਰਹੇਜ਼ ਕਰਦਾ ਹੈ।[20]

ਪੌਲੁਸ ਦੇ ਸਮੇਂ ਵਿਚ, ਇਸ ਸ਼ਬਦ ਦੀ ''ਆਪਣੇ ਵਿਹਾਰ ਉੱਤੇ ਕਾਬੂ ਰਾਹੀਂ *ਜਿਸਮਾਨੀ* ਸ਼ੁੱਧਤਾ ਲਈ ਬਾਰ-ਬਾਰ ਵਰਤੋਂ ਹੁੰਦੀ ਸੀ''[21] (ਉਦਾਹਰਣ ਲਈ, 1 ਕੁਰਿੰਥੀਆਂ 7:9)। ਬੇਸ਼ਰਮੀ ਨਾਲ ਜਿਸਮਾਨੀ ਪਾਪ ਵਿਚ ਰਹਿਣ ਵਾਲੇ ਕਿਸੇ ਵੀ ਜੋੜੇ ਲਈ ਇਹ ਖ਼ਤਰਨਾਕ ਸੰਦੇਸ਼ ਸੀ (1 ਕੁਰਿੰਥੀਆਂ 9:10)। ਯੂਹੰਨਾ ਬਪਤਿਸਮਾ ਦੇਣ ਵਾਲੇ ਨੂੰ ਦਰੂਸਿੱਲਾ ਦੇ ਦਾਦੇ ਦੇ ਭਰਾ ਨੂੰ ਇਹੀ ਪੈਗ਼ਾਮ ਦੇਣ ਕਰਕੇ ਆਪਣਾ ਸਿਰ ਕਟਵਾਉਣਾ ਪਿਆ ਸੀ (ਮੱਤੀ 14:4, 10)! ਫਿਰ ਵੀ ਫ਼ੇਲਿਕਸ ਅਤੇ ਦਰੂਸਿੱਲਾ ਨੂੰ ਇਹ ਸੰਦੇਸ਼ ਸੁਣਾਉਣਾ ਬੇਹੱਦ ਜ਼ਰੂਰੀ ਸੀ ਅਤੇ ਪੌਲੁਸ ਇਹਨੂੰ ਸੁਣਾਉਣ ਤੋਂ ਝਿਜਕਿਆ ਨਹੀਂ।

ਅੱਜ ਸਾਨੂੰ ਅਜਿਹੇ ਹਿੰਮਤੀ ਲੋਕਾਂ ਦੀ ਲੋੜ ਹੈ ਜੋ ਉਸ ਜਿਸਮਾਨੀ ਪਾਪ ਦੇ ਖ਼ਿਲਾਫ਼ ਪ੍ਰਚਾਰ ਕਰ ਸਕਣ ਜਿਸ ਵਿਚ ਸਾਡਾ ਸਮਾਜ ਡੁੱਬਿਆ ਹੋਇਆ ਹੈ (ਵੇਖੋ 2 ਤਿਮੋਥਿਉਸ 4:1-4)। ਫੌਰੀ ਜਾਂ ਅਬਦੀ ਨਤੀਜੇ ਦਾ ਖ਼ਿਆਲ ਕੀਤੇ ਬਗ਼ੈਰ, ਜਾਂ ਉਨ੍ਹਾਂ ਦੀ ਜਾਣਕਾਰੀ ਨਾ ਹੋਣ ਕਰਕੇ ਹਜ਼ਾਰਾਂ ਲੱਖਾਂ ਲੋਕ ਜਿਸਮਾਨੀ ਪਾਪ ਭਾਵ ਵਿਭਚਾਰ ਕਰਦੇ ਹਨ (ਰੋਮੀਆਂ 13:9; 1 ਕੁਰਿੰਥੀਆਂ 6:18-20; ਗਲਾਤੀਆਂ 5:19-21)। ਅੱਜ ਵੀ ਇਹ ਸੱਚਾਈ ਹੈ ਕਿ ''ਜਿਹੜਾ ਕਿਸੇ ਤੀਵੀਂ ਨਾਲ ਭੋਗ ਕਰਦਾ ਹੈ ਉਹ ਨਿਰਬੁੱਧ ਹੈ'' (ਕਹਾਉਤਾਂ 6:32ੳ)।[22]

ਪੌਲੁਸ ਨੇ ਤੀਜੀ ਸੱਚਾਈ ਦੱਸਣੀ ਸੀ। ਉਸ ਨੇ ਇਸ ਸਵਾਲ ਦਾ ਜਵਾਬ ਦੇਣਾ ਸੀ ਕਿ ''ਪਾਕ ਸਾਫ਼ ਜ਼ਿੰਦਗੀ ਗੁਜ਼ਾਰਨ ਜਾਂ ਨਾ ਗੁਜ਼ਾਰਨ ਜਾਂ ਰੂਹਾਨੀ ਤੌਰ ਤੇ ਅਨੁਸ਼ਾਸਿਤ ਹੋਣ ਨਾਲ ਕੀ ਫ਼ਰਕ ਪੈਂਦਾ ਹੈ?'' ਹੋ ਸਕਦਾ ਹੈ ਕਿ ਫ਼ੇਲਿਕਸ ਅਤੇ ਦਰੂਸਿੱਲਾ ਨੇ ਕਿਹਾ ਹੋਵੇ, ''ਹੇ ਪੌਲੁਸ, ਤੂੰ ਭਗਤੀ ਭਰਿਆ ਮਰਿਆਦਾ ਵਾਲਾ ਜੀਵਨ ਗੁਜ਼ਾਰਿਆ ਹੈ ਅਤੇ ਵੇਖ ਇਹਨੇ ਤੈਨੂੰ ਕਿੱਥੇ ਪਹੁੰਚਾ ਦਿੱਤਾ ਹੈ? ਅੱਜ ਤੂੰ ਸਾਡੇ ਸਾਹਮਣੇ ਬੇੜੀਆਂ ਵਿਚ ਬੱਧਾ ਅਤੇ ਜੇਲ੍ਹ ਦੀ ਗੰਦੀ ਜਿਹੀ ਵਰਦੀ ਵਿਚ ਹੈਂ। ਪਰ ਅਸੀਂ ਆਪਣੀ ਮਰਜ਼ੀ ਨਾਲ ਜਿਵੇਂ ਚਾਹੀਏ ਜੀ ਸਕਦੇ ਹਾਂ, ਵੇਖ ਅਸੀਂ ਸ਼ਾਹੀ ਲਿਬਾਸ ਪਾ ਕੇ ਤਖ਼ਤ ਤੇ ਬੈਠੇ ਹਾਂ!'' ਉਨ੍ਹਾਂ ਨੂੰ ਇਸ ਗੱਲ ਦੀ ਸਮਝ ਹੋਣੀ

ਚਾਹੀਦੀ ਸੀ ਕਿ ਖ਼ੁਦਾ ਸਾਰੇ ਹਿਸਾਬ ਇਸੇ ਜੀਵਨ ਵਿਚ ਦਰੁਸਤ ਨਹੀਂ ਕਰ ਦਿੰਦਾ। *ਮੌਜੂਦਾ ਸਮੇਂ ਵਿਚ ਜੀਣ ਵਾਲੇ ਉਸ ਜੋੜੇ ਨੂੰ ਪੌਲੁਸ ਨੇ ''ਹੋਣ ਵਾਲੇ ਨਿਆਂ'' ਦੀ ਗੱਲ ਦੱਸੀ।*

ਪੌਲੁਸ ਫ਼ੇਲਿਕਸ ਅਤੇ ਦਰੁਸਿੱਲਾ ਦੇ ਤਖ਼ਤ ਸਾਹਮਣੇ ਖੜਾ ਸੀ, ਪਰ ਉਹ ਉਨ੍ਹਾਂ ਨੂੰ ਇਹ ਸਮਝਾਉਣਾ ਚਾਹੁੰਦਾ ਸੀ ਕਿ ਇਕ ਦਿਨ ਉਨ੍ਹਾਂ ਨੂੰ ਆਪਣੀ ਐਸ਼ਪ੍ਰਸਤੀ ਅਤੇ ਅੱਯਾਸ਼ੀ ਦਾ ਹਿਸਾਬ ਚੁਕਾਉਣਾ ਪਵੇਗਾ (ਰੋਮੀਆਂ 14:12; 2 ਕੁਰਿੰਥੀਆਂ 5:10; ਪ੍ਰਕਾਸ਼ ਦੀ ਪੋਥੀ 20:11-15)। ਅਥੇਨੇ ਦੇ ਲੋਕਾਂ ਵਿਚ ਪੌਲੁਸ ਨੇ ਇਹੀ ਐਲਾਨ ਕੀਤਾ ਸੀ:

> ਪ੍ਰਮੇਸ਼ਵਰ ... ਹੁਣ ਮਨੁੱਖਾਂ ਨੂੰ ਹੁਕਮ ਦਿੰਦਾ ਹੈ ਜੋ ਓਹ ਸਭ ਹਰੇਕ ਥਾਂ ਤੌਬਾ ਕਰਨ। ਕਿਉਂ ਜੋ ਉਸ ਨੇ ਇਕ ਦਿਨ ਠਹਿਰਾ ਛੱਡਿਆ ਹੈ ਜਿਹਦੇ ਵਿਚ ਉਹ ਸਚਿਆਈ ਨਾਲ ਸੰਸਾਰ ਦਾ ਨਿਆਉਂ ਕਰੇਗਾ ਓਸ ਮਨੁੱਖ ਦੇ ਰਾਹੀਂ ਜਿਹਨੂੰ ਉਸ ਨੇ ਠਹਿਰਾਇਆ ਅਤੇ ਉਹਨੂੰ ਮੁਰਦਿਆਂ ਵਿੱਚੋਂ ਜਿਵਾਲ ਕੇ ਇਹ ਗੱਲ ਸਭਨਾਂ ਉੱਤੇ ਸਾਬਤ ਕਰ ਦਿੱਤੀ ਹੈ (ਰਸੂਲਾਂ ਦੇ ਕੰਮ 17:30ਅ, 31)।

ਅੱਜ ਬਹੁਤੇ ਪੁਲਪਿਟਾਂ ਤੋਂ, ਕਿਆਮਤ ਦੇ ਦਿਨ ਦਾ ਪ੍ਰਚਾਰ ਬੰਦ ਕਰ ਦਿੱਤਾ ਗਿਆ ਹੈ। ਲੋਕ ਇਹ ਯਕੀਨ ਕਰਨਾ ਚਾਹੁੰਦੇ ਹਨ ਕਿ ਇਸ ਜ਼ਿੰਦਗੀ ਦੇ ਬਾਅਦ ਇਕ ਉਤਸ਼ਾਹ ਭਰਿਆ ਸਵਾਗਤ ਕਰਤਾ ਕਮੇਟੀ ਸਭ ਦਾ ਸਵਾਗਤ ਕਰੇਗੀ।[23] ਪਰ ਜਿਵੇਂ ਇਬਰਾਨੀਆਂ ਦੇ ਲੇਖਕ ਨੇ ਜ਼ੋਰ ਦੇ ਕੇ ਕਿਹਾ ਹੈ:

> [ਸਭ] ਮਨੁੱਖਾਂ ਲਈ ਇਕ ਵਾਰ ਮਰਨਾ ਠਹਿਰਾਇਆ ਹੋਇਆ ਹੈ ਅਤੇ ਉਹ ਦੇ ਪਿੱਛੋਂ *ਨਿਆਉਂ* ਹੁੰਦਾ ਹੈ (ਇਬਰਾਨੀਆਂ 9:27)।
>
> ਜੇ ਅਸੀਂ ... ਜਾਣ ਬੁੱਝ ਕੇ ਪਾਪ ਕਰੀ ਜਾਈਏ ਤਾਂ ਪਾਪਾਂ ਦੇ ਨਮਿੱਤ ਫਿਰ ਕੋਈ ਬਲੀਦਾਨ ਨਹੀਂ। ਪਰ ਨਿਆਉਂ ਦੀ ਭਿਆਨਕ ਉਡੀਕ ਅਤੇ ਅੱਗ ਦੀ ਸੜਨ ਬਾਕੀ ਹੈ ਜਿਹੜੀ ਵਿਰੋਧੀਆਂ ਨੂੰ ਭਸਮ ਕਰ ਦੇਵੇਗੀ (ਇਬਰਾਨੀਆਂ 10:26, 27)।
>
> ਕਿਉਂ ਜੋ ਅਸੀਂ ਉਹਨੂੰ ਜਾਣਦੇ ਹਾਂ ਜਿਹ ਨੇ ਆਖਿਆ ਭਈ ਬਦਲਾ ਲੈਣਾ ਮੇਰਾ ਕੰਮ ਹੈ, ਮੈਂ ਹੀ ਵੱਟਾ ਲਵਾਂਗਾ ... ਜੀਉਂਦੇ ਪ੍ਰਮੇਸ਼ਵਰ ਦੇ ਹੱਥ ਵਿਚ ਪੈਣਾ ਭਿਆਣਕ ਗੱਲ ਹੈ (ਇਬਰਾਨੀਆਂ 10:30, 31)![24]

## ਪ੍ਰਤੀਕ੍ਰਿਆ (24:25)

ਮੁਕੱਦਮੇ ਦੌਰਾਨ ਪੌਲੁਸ ਵੱਲੋਂ ਉਨ੍ਹਾਂ ਇਲਜ਼ਾਮਾਂ ਦਾ ਜਵਾਬ ਦੇਣ ਤੇ ਅਸੀਂ ਹੈਰਾਨ ਨਹੀਂ ਹੋਏ ਸੀ ਕਿ ਉਹ ਝੱਟ ਆਪਣਾ ਬਚਾਅ ਕਰਨ ਲੱਗਾ। ਅਸਲ 'ਚ ਫ਼ੇਲਿਕਸ ਅਤੇ ਦਰੁਸਿੱਲਾ ਉੱਤੇ ਦੁਸ਼ਟ, ਖ਼ੁਦਗ਼ਰਜ਼ ਅਤੇ ਕਿਆਮਤ ਬਾਰੇ ਲਾਪਰਵਾਹ ਹੋਣ ਦੇ ਪੌਲੁਸ ਦੇ ਇਲਜ਼ਾਮ ਦੇ ਬਾਅਦ ਰਾਜਪਾਲ ਦੀ ਪ੍ਰਤੀਕ੍ਰਿਆ ਅਚਾਨਕ ਕੰਬਣ ਦੇ ਨਾਲ ਨਾਲ ਹੈਰਾਨ ਕਰਨ ਵਾਲੀ ਵੀ ਸੀ।[25] ਇਕ ਪਲ ਲਈ ਤਾਂ ਉਹ ਦੰਗ ਰਹਿ ਗਿਆ ਅਤੇ ''ਕੰਬਣ'' ਤੋਂ ਬਿਨਾਂ ਹੋਰ ਕੁਝ ਨਾ ਕਰ ਸਕਿਆ (ਆਇਤ 25; KJV)। ''ਜਾਂ ਉਹ [ਪੌਲੁਸ] ਧਰਮ ਅਤੇ ਸੰਜਮ ਅਤੇ ਹੋਣ ਵਾਲੀ ਅਦਾਲਤ ਦੇ ਵਿਖੇ ਵਚਨ ਸੁਣਾ ਰਿਹਾ ਸੀ ਤਾਂ ਫ਼ੇਲਿਕਸ ਨੇ ਭੈ ਖਾਧਾ ਅਤੇ ਉੱਤਰ ਦਿੱਤਾ'' (ਆਇਤ 25ੳ, ਅ)।

ਕਲੋਵਿਸ ਚੈਪਲ ਨੇ ਉੱਥੇ ਮੌਜੂਦ ਹੋਣ ਅਤੇ ਉਸ ਦ੍ਰਿਸ਼ ਨੂੰ ਵੇਖਣ ਦੀ ਕਲਪਨਾ ਕੀਤੀ ਹੈ:

> ਮੈਂ ਵੇਖਿਆ ਕਿ ਉਹਨੇ ਮੁੱਠਾਂ ਘੁੱਟ ਕੇ ਮੀਟੀਆਂ ਹੋਈਆਂ ਹਨ ਜਿਸ ਨਾਲ ਉਹਦੀਆਂ ਉਂਗਲਾਂ ਦੀਆਂ ਗੰਢਾਂ ਚਿੱਟੀਆਂ ਹੋ ਗਈਆਂ ਅਤੇ ਉਹਦੇ ਨਹੁੰ ਹੱਥਾਂ ਦੀਆਂ ਹਥੇਲੀਆਂ ਵਿਚ ਧੱਸ ਗਏ ਸਨ। ਮੈਂ ਉਹਦੇ ਚਿਹਰੇ ਤੇ ਪਸੀਨੇ ਦੀਆਂ ਵੱਡੀਆਂ ਵੱਡੀਆਂ ਬੂੰਦਾਂ ਜੰਮੀਆਂ ਹੋਈਆਂ ਵੇਖੀਆਂ। ਮੈਂ ਉਹਨੂੰ ਸੰਘਣੇ ਕੋਰੇ ਵਿਚ ਫ਼ਸੇ ਆਦਮੀ ਵਾਂਗ ਕੰਬਦਿਆਂ ਵੇਖਿਆ।[26]

ਜਿੰਨਾ ਕੁ ਸਾਨੂੰ ਫ਼ੇਲਿਕਸ ਬਾਰੇ ਪਤਾ ਹੈ, ਉਸ ਨੂੰ ਵੇਖਦਿਆਂ ਇਹ ਖ਼ਿਆਲ ਕਰਨਾ ਔਖਾ ਹੈ ਕਿ ਉਹਦੇ ਅੰਤਹਕਰਣ ਨੂੰ ਛੂਹਿਆ ਜਾ ਸਕਦਾ ਸੀ; ਪਰ ਜ਼ਾਹਿਰ ਹੈ ਕਿ ਉਹ ਅੰਦਰ ਤਕ ਹਿੱਲ ਚੁੱਕਿਆ ਸੀ। ਉਹਨੇ ਖ਼ੁਦਾ ਦੇ ਵਚਨ ਦੇ ਸ਼ੀਸ਼ੇ ਵਿਚ ਆਪਣੇ ਅਸਲੀ ਚਿਹਰੇ ਨਾਲ ਅਨੰਤਕਾਲ ਦੀ ਇਕ ਝਲਕ ਅਤੇ ਉਹ ਸਭ ਕੁਝ ਵੇਖਿਆ ਜਿਸ ਕਰਕੇ ਉਹ ਮੌਤ ਤੋਂ ਖ਼ੌਫ ਖਾਣ ਲੱਗਾ ਸੀ (ਯਾਕੂਬ 1:23-25)।

ਇਤਫ਼ਾਕ ਨਾਲ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਦਰੂਸਿੱਲਾ ਵੀ ਭੈ ਨਾਲ ਕੰਬੀ ਜਾਂ ਪੌਲੁਸ ਦੇ ਸੰਦੇਸ਼ ਦਾ ਉਹਦੇ ਉੱਤੇ ਕੋਈ ਅਸਰ ਹੋਇਆ। ਜੇ ਇਸ ਖ਼ੂਬਸੂਰਤ ਔਰਤ ਦੀ ਇੰਜੀਲ ਵਿਚ ਕਦੇ ਦਿਲਚਸਪੀ ਪੈਦਾ ਹੋਈ ਵੀ ਤਾਂ ਇਹ ਪਤਾ ਲੱਗਣ ਤੇ ਕਿ ਇਸ ਨੂੰ ਮੰਨਣ ਲਈ ਉਹਨੂੰ ਆਪਣੀ ਜ਼ਿੰਦਗੀ ਬਦਲਣੀ ਪਵੇਗੀ, ਉਹਦੀ ਦਿਲਚਸਪੀ ਝੱਟ ਖ਼ਤਮ ਹੋ ਗਈ ਹੋਵੇਗੀ।

## ਨਤੀਜਾ (24:25-27)

ਫ਼ੇਲਿਕਸ ਲਈ ਇਹ ਵਕਤ ਸੱਚਾਈ ਦਾ ਸੁਨਿਹਰੀ ਮੌਕਾ ਸੀ। ਜੇ ਇਹ ਰਾਜਪਾਲ ਪਰੇਸ਼ਾਨ ਹੋ ਕੇ ਪੁਕਾਰ ਉੱਠਦਾ, ''ਹੇ ਭਾਈ, ਮੈਂ ਕੀ ਕਰਾਂ?'' (ਵੇਖੋ ਰਸੂਲਾਂ ਦੇ ਕੰਮ 2:37) ਤਾਂ ਉਹਦਾ ਜੀਵਨ ਅਤੇ ਅਨੰਤਕਾਲ ਕਿੰਨਾ ਫ਼ਰਕ ਹੁੰਦਾ ਭਾਵ ਪ੍ਰਭੂ ਨੂੰ ਦੇ ਦਿੱਤਾ ਗਿਆ ਹੁੰਦਾ! ਇਹਦੇ ਉਲਟ ਉਹਨੇ ਇਹ ਪੁਕਾਰਿਆ, ''ਐਤਕੀਂ ਤੂੰ ਜਾ।'' ਉਹਦਾ ਡਰ ਬੁਰਾਈ ਤੋਂ ਧਰਮ ਵੱਲ ਮੁੜਨ ਵੱਲ ਤਾਂ ਨਹੀਂ ਸਗੋਂ ਗੱਲਬਾਤ ਨੂੰ ਛੋਟਾ ਕਰਕੇ[27] ਇਹ ਕਹਿਣ ਲਈ ਕਾਫ਼ੀ ਸੀ ਕਿ ''ਹੁਣ ਤਾਂ ਤੂੰ ਜਾ, ਫੇਰ ਕਿਤੇ ਵਿਹਲ ਪਾ ਕੇ[28] ਤੈਨੂੰ ਬੁਲਾਵਾਂਗਾ''[29] (24:25ੲ)। ਫ਼ੇਲਿਕਸ ਦੇ ਸਾਹਮਣੇ ਪੌਲੁਸ ਦੇ ਮੁਕੱਦਮੇ ਵਿਚ ਉਸ ਰਾਜਪਾਲ ਨੇ ਫ਼ੈਸਲਾ ਲੈਣਾ ਟਾਲਿਆ (ਆਇਤ 22); ਪ੍ਰਭੂ ਦੇ ਸਾਹਮਣੇ ਆਪਣੇ ਮੁਕੱਦਮੇ ਲਈ ਫ਼ੇਲਿਕਸ ਨੇ ਫੇਰ ਫ਼ੈਸਲਾ ਲੈਣਾ ਟਾਲ ਦਿੱਤਾ। ''ਉਹਨੇ ਆਪਣੇ ਹੀ ਮੁਕੱਦਮੇ ਦੀ ਤਰੀਕ ਅੱਗੇ ਪਾ ਦਿੱਤੀ।''[30]

ਫ਼ੇਲਿਕਸ ਦੇ ਉਸ ਦਿਨ ਫ਼ੈਸਲਾ ਲੈਣ ਵਿਚ ਦੇਰ ਕਰਨ ਦੀ ਆਪਣੀ ਹੀ ''ਵਜ੍ਹਾ'' ਸੀ, ਭਾਵ ਦੇਰ ਹੋ ਰਹੀ ਸੀ; ਉਹ ਅਤੇ ਦਰੂਸਿੱਲਾ ਸਫ਼ਰ ਕਰਕੇ ਥੱਕੇ ਹੋਏ ਸਨ; ਉਹਦੇ ਦਿਮਾਗ਼ ਵਿਚ ਕਈ ਹੋਰ ਕੇਸ ਸਨ (ਜਿਵੇਂ ਯਹੂਦੀਆਂ ਦੀ ਬਗ਼ਾਵਤ ਵਧਦੀ ਜਾ ਰਹੀ ਸੀ।)[31] ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹਦੇ ਲਈ ਪੌਲੁਸ ਦੀਆਂ ਗੱਲਾਂ ਤੇ ਵਿਚਾਰ ਕਰਨ ਵਾਸਤੇ ''ਵਿਹਲ ਪਾ ਕੇ'' ਵਿਚਾਰ ਕਰਨਾ ਚੰਗਾ ਹੋਣਾ ਸੀ। ਪਰ ਇਹ ਗੱਲ ਰਹਿ ਜਾਂਦੀ ਹੈ ਕਿ ਪੌਲੁਸ ਨੂੰ ਟਾਲ ਕੇ ਫ਼ੇਲਿਕਸ ਨੇ ਉਹ ਮੌਕਾ ਗੁਆ ਦਿੱਤਾ ਜੋ ਉਸ ਨੂੰ ਜ਼ਿੰਦਗੀ ਵਿਚ ਦੁਬਾਰਾ ਨਹੀਂ ਮਿਲਣਾ ਸੀ।

ਪਾਪ ਭਰੀ ਜ਼ਿੰਦਗੀ ਨੂੰ ਬਦਲਣਾ, ਫ਼ਾਇਦੇ ਵਾਲੇ ਰੁਤਬੇ ਨੂੰ ਛੱਡਣਾ ਅਤੇ ਖ਼ੂਬਸੂਰਤ ਪਤਨੀ ਦਾ ਸਾਥ ਛੱਡਣਾ ਕਦੇ ''ਸੁਖਾਲਾ'' ਨਹੀਂ ਲਗਦਾ!

ਦਿਨ ਬੀਤਦੇ ਗਏ ਅਤੇ ਫ਼ੇਲਿਕਸ ਨੂੰ ਪੌਲੁਸ ਨਾਲ ਫੇਰ ਮਿਲਣ ਦਾ ਮੌਕਾ ਮਿਲਦਾ ਰਿਹਾ: ''ਉਹ ਨੂੰ ਬਹੁਤ ਵਾਰੀ ਸਦਵਾ ਕੇ ਉਸ ਨਾਲ ਗੱਲ ਬਾਤ ਕਰਦਾ ਹੁੰਦਾ ਸੀ''[32] (ਆਇਤ 26ਅ)। ਪਰ ਉਸ ਰਾਜਪਾਲ ਨੇ ਪੌਲੁਸ ਨੂੰ ਫੇਰ ਕਦੇ ''ਉਸ ਵਿਸ਼ਵਾਸ ਬਾਰੇ ਜੋ ਮਸੀਹ ਯਿਸੂ ਵਿਚ ਹੈ'' (ਆਇਤ 24ਸ) ਸੁਣਨ ਲਈ ਨਹੀਂ ਸੱਦਿਆ। ਜੇ ਉਹ ਪੌਲੁਸ ਸਾਹਮਣੇ ਫੇਰ ਕਿਤੇ ਕੰਬਿਆ ਹੋਵੇ ਤਾਂ ਲੂਕਾ ਨੇ ਉਹ ਲਿਖਿਆ ਨਹੀਂ ਹੈ। ਫ਼ੇਲਿਕਸ ਨੇ ''ਪ੍ਰਭੂ ਨੂੰ ਚੀਜ਼ਾਂ ਹਾਸਲ ਕਰਨ, ਤਾਕਤ ਦੀ ਭੁੱਖ, ਧਨ ਦੇ ਭੁੱਖੇ ਮਨ ਦੇ ਖਾਲੀਪਣ ਨੂੰ ਦੂਰ ਕਰਨ ਦੀ ਇਜਾਜ਼ਤ ਦੇਣ ਦਾ'' ਮੌਕਾ ਗੁਆ ਦਿੱਤਾ ਸੀ।[33] ''ਮੌਕੇ ਦੀ [ਰੂਹਾਨੀ] ਖਿੜਕੀ''[34] ਉਹਦੇ ਵਾਸਤੇ ਬੰਦ ਹੋ ਚੁੱਕੀ ਸੀ।

ਫ਼ੇਲਿਕਸ ਵਿਚ ਮਰਿਆਦਾ ਦੀ ਮਘਦੀ ਚਿੰਗਾਰੀ ਹੁਣ ਬੁਝ ਚੁੱਕੀ ਸੀ। ਉਹਦਾ ਦਿਲ ਉਨ੍ਹਾਂ ਸਲਾਖਾਂ ਵਾਂਗ ਸਖ਼ਤ ਹੋ ਚੁੱਕਾ ਸੀ ਜਿਨ੍ਹਾਂ ਨੇ ਪੌਲੁਸ ਨੂੰ ਕੈਦ ਵਿਚ ਰੱਖਿਆ ਸੀ (ਇਬਰਾਨੀਆਂ 4:7)। ਰੂਹਾਨੀ ਗੱਲਾਂ ਵਿਚ ਉਹਦੀ ਦਿਲਚਸਪੀ ਹੁਣ ਨਹੀਂ ਰਹੀ ਸੀ।[35] ਉਹਨੇ ਹੁਣ ਪੌਲੁਸ ਨੂੰ ''... ਕੁਝ ਰੋਕੜ'' ਮਿਲਣ ਦੀ ਆਸ ਨਾਲ ਬੁਲਾਇਆ[36] (ਰਸੂਲਾਂ ਦੇ ਕੰਮ 24:26ੳ)। ਮੈਂ ਕਲਪਨਾ ਕਰ ਸਕਦਾ ਹਾਂ ਕਿ ਫ਼ੇਲਿਕਸ ਪੌਲੁਸ ਨੂੰ ਜੋ ਯਿਸੂ ਬਾਰੇ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੈ ਵਿੱਚੋਂ ਰੋਕ ਕੇ ਆਖਦਾ ਹੈ, ''ਹਾਂ, ਇਹ ਗੱਲਾਂ ਸਭ ਬਹੁਤ ਚੰਗੀਆਂ ਲਗਦੀਆਂ ਹਨ, ਪਰ ਜੋ ਤੂੰ ਪਹਿਲਾਂ ਯਹੂਦੀਆਂ ਲਈ ਚੰਦਾ ਲਿਆਉਣ ਦੀ ਗੱਲ ਕੀਤੀ ਸੀ ਉਹ ਇਸ ਨਾਲੋਂ ਵੀ ਵਧੀਆ ਸੀ।''[37] ਮੈਂ ਫ਼ੇਲਿਕਸ ਨੂੰ ਉਹਦੇ ਵੱਲ ਮਸਖ਼ਰੀ ਭਰੀ ਹਮਦਰਦੀ ਨਾਲ ਵੇਖਦੇ ਹੋਏ ਪਾਉਂਦਾ ਹਾਂ, ''ਪੌਲੁਸ, ਮੈਥੋਂ ਤੇਰੀ ਇਹ ਹਾਲਤ ਵੇਖੀ ਨਹੀਂ ਜਾਂਦੀ, ਕਿਉਂਕਿ ਤੈਨੂੰ ਇਸ ਸਭ ਦੀ ਕੋਈ ਲੋੜ ਨਹੀਂ ਹੈ। ਤੇਰੇ ਤਾਂ ਕਈ ਦੋਸਤ ਐਨੇ ਅਮੀਰ ਹਨ ਕਿ ਉਹ ਤੇਰੀ ਮਦਦ ਕਰ ਸਕਦੇ ਹਨ, ਹੈ ਕਿ ਨਹੀਂ? ਮੈਂ ਵੀ ਤੇਰੀ ਮਦਦ ਕਰ ਸਕਦਾ ਹਾਂ। ਸਭ ਇੰਤਜ਼ਾਮ ਹੋ ਸਕਦਾ ਹੈ। ...''

KJV ਅਤੇ NKJV ਵਿਚ ਬਦਲਵੀਂ ਆਇਤ ਦੀ ਝਲਕ ਦੇ ਕੇ ਇਕ ਵਾਧੂ ਵਾਕਾਂਸ਼ ''ਤਾਂ ਜੋ ਉਹ ਉਸ ਨੂੰ ਛੱਡ ਦੇਵੇ'' ਜੋੜਿਆ ਗਿਆ ਹੈ। ਮੂਲ ਲਿਖਤ ਵਿਚ ਇਹ ਸ਼ਬਦ ਸਨ ਜਾਂ ਨਹੀਂ, ਪਰ ਇਹ ਸਾਫ਼ ਹੈ ਕਿ ਕਾਫ਼ੀ ਰਿਸ਼ਵਤ ਮਿਲਣ ਦੀ ਆਸ ਨਾਲ,[38] ਫ਼ੇਲਿਕਸ ਨੇ ਪੌਲੁਸ ਦੇ ਛੁੱਟਣ ਦੀ ਗੱਲ ਲਮਕਾ ਦਿੱਤੀ। ਰਿਸ਼ਵਤ ਲੈਣਾ ਰੋਮੀ ਕਾਨੂੰਨ ਮੁਤਾਬਕ ਮਨ੍ਹਾ ਸੀ, ਪਰ ਫਿਰ ਵੀ ਰਿਸ਼ਵਤ ਲੈਣਾ ਫ਼ੇਲਿਕਸ ਵਰਗੇ ਅਧਿਕਾਰੀਆਂ ਦੀ ਜ਼ਿੰਦਗੀ ਦੀ ਹਕੀਕਤ ਸੀ।

ਰਿਸ਼ਵਤ ਬਾਰੇ ਬਾਈਬਲ ਦੀ ਸਿੱਖਿਆ ਸਾਫ਼ ਹੈ।[39] ਅਤੇ ਇਹ ਕਹਾਣੀ ਉਸ ਸਿੱਖਿਆ ਲਈ ਜ਼ਬਰਦਸਤ ਢੰਗ ਨਾਲ ਲਾਗੂ ਹੁੰਦੀ ਹੈ। ਜੇ ਕਿਤੇ ਅਜਿਹੇ ਹਾਲਾਤ ਆਏ ਜਿਸ ਵਿਚ ਰਿਸ਼ਵਤ ਲੈਣ ਨੂੰ ਜਾਇਜ਼ ਠਹਿਰਾਇਆ ਜਾਵੇ ਤਾਂ ਉਹ ਇਹੀ ਸੀ। ਪੌਲੁਸ ਦੇ ਦੋਸਤ ਇਹ ਤਰਕ ਦੇ ਸਕਦੇ ਸਨ ਕਿ ਖ਼ੁਦਾ ਯਕੀਨਨ ਹੀ ਪ੍ਰਚਾਰ ਅਤੇ ਸਿੱਖਿਆ ਦੇਣ ਲਈ ਪੌਲੁਸ ਨੂੰ ਅਜ਼ਾਦ ਕਰਵਾਉਣਾ ਚਾਹੁੰਦਾ ਹੈ, ''ਇਸੇ ਵੇਲੇ'' ਕਿਸੇ ਭ੍ਰਿਸ਼ਟ ਅਧਿਕਾਰੀ ਨੂੰ ਰਿਸ਼ਵਤ ਦੇ ਕੇ ਮਨਾਇਆ ਜਾਵੇ। ਪੌਲੁਸ ਦੇ ਦੋਸਤਾਂ ਕੋਲ ਧਨ ਹੈ ਸੀ; ਪਰ ਅਹਿਮ ਗੱਲ ਇਹ ਹੈ ਕਿ ਉਨ੍ਹਾਂ ਕੋਲੋਂ ਰਿਸ਼ਵਤ ਨਹੀਂ ਮਿਲਣ ਵਾਲੀ ਸੀ। ''ਵਸੀਲਾ'' ਖ਼ੁਦਾ ਦੇ ਵਚਨ ਦਾ ਉਲੰਘਣ ਕਰਨ ਲੱਗੇ ਤਾਂ ''ਟੀਚਾ'' ਕਦੇ ਵੀ ''ਵਸੀਲੇ ਨੂੰ ਜਾਇਜ਼'' ਨਹੀਂ ਠਹਿਰਾਉਂਦਾ![40]

ਦਿਨ ਹਫ਼ਤਿਆਂ ਵਿਚ ਅਤੇ ਹਫ਼ਤੇ ਮਹੀਨਿਆਂ ਵਿਚ ਬਦਲਦੇ ਗਏ, ਇਸ ਤਰ੍ਹਾਂ ਦੋ ਸਾਲ ਲੰਘ ਗਏ (ਆਇਤ 27ੳ)।[41] ਫ਼ੇਲਿਕਸ ਅਤੇ ਪੌਲੁਸ ਵਿਚਕਾਰ ਸ਼ਬਦਾਂ ਦਾ ਵਟਾਂਦਰਾ ਤਾਂ ਬਹੁਤ ਹੋਇਆ ਪਰ ਧਨ ਦਾ ਨਹੀਂ। ਦੋ ਸਾਲ ਬਾਅਦ, ''ਪੁਰਕਿਯੁਸ ਫ਼ੇਸਤੁਸ[42] ਫ਼ੇਲਿਕਸ ਦੇ ਥਾਂ ਹਾਕਮ ਹੋ ਕੇ ਆਇਆ ਅਤੇ ਫ਼ੇਲਿਕਸ ਜੋ ਇਹ ਚਾਹੁੰਦਾ ਸੀ ਭਈ ਯਹੂਦੀਆਂ ਨੂੰ ਪ੍ਰਸੰਨ ਕਰੇ ਪੌਲੁਸ ਨੂੰ ਕੈਦ ਵਿਚ ਹੀ ਛੱਡ ਗਿਆ''[43] (ਆਇਤ 27ਅ)। ਨੀਰੋ ਨੇ ਫ਼ੇਲਿਕਸ ਨੂੰ ਅਹੁਦੇ ਤੋਂ ਲਾਹ ਕੇ 59ਈਸਵੀ ਵਿਚ ਰੋਮ ਵਿਚ ਸੱਦ ਲਿਆ ਸੀ।[44] ਇਤਿਹਾਸ ਗਵਾਹ ਹੈ ਕਿ ਉਹਦੀ ਥਾਂ ਕਿਸੇ ਹੋਰ ਨੂੰ ਕਿਉਂ ਬਿਠਾਇਆ ਗਿਆ ਅਤੇ ਉਹ ਯਹੂਦੀਆਂ ਨੂੰ ਖੁਸ਼ ਕਿਉਂ ਕਰਨਾ ਚਾਹੁੰਦਾ ਸੀ:

> ਇਸ ਗੱਲ ਤੇ ਬਹੁਤ ਬਹਿਸ ਸੀ ਕਿ ਕੈਸਰੀਆ ਯਹੂਦੀ ਸ਼ਹਿਰ ਸੀ ਜਾਂ ਯੂਨਾਨੀ ਅਤੇ ਇਸ ਉੱਤੇ ਯਹੂਦੀਆਂ ਅਤੇ ਯੂਨਾਨੀਆਂ ਵਿਚ ਤਲਵਾਰਾਂ ਨਿੱਕਲ ਗਈਆਂ ਸਨ। ਲੋਕਾਂ ਵਿਚ ਖ਼ੂਨੀ ਬਗ਼ਾਵਤ ਹੋ ਗਈ ਸੀ ਜਿਸ ਨਾਲ ਯਹੂਦੀ ਅਲੱਗ ਥਲੱਗ ਪੈ ਗਏ ਸਨ। ਫ਼ੇਲਿਕਸ ਨੇ ਯੂਨਾਨੀਆਂ ਦੀ ਮਦਦ ਲਈ ਫ਼ੌਜ ਭੇਜ ਦਿੱਤੀ। ਹਜ਼ਾਰਾਂ ਯਹੂਦੀ ਮਾਰੇ ਗਏ ਅਤੇ ਫ਼ੇਲਿਕਸ ਦੀ ਸਹਿਮਤੀ ਅਤੇ ਦਲੇਰੀ ਨਾਲ ਫ਼ੌਜਾਂ ਨੇ ਸ਼ਹਿਰ ਵਿਚ ਅਮੀਰ ਯਹੂਦੀਆਂ ਦੇ ਘਰਾਂ ਉੱਤੇ ਕਬਜ਼ਾ ਕਰਕੇ ਉਨ੍ਹਾਂ ਨੂੰ ਲੁੱਟ ਲਿਆ।
>
> ਯਹੂਦੀਆਂ ਨੇ ਉਹੀ ਕੀਤਾ ਜੋ ਰੋਮੀ ਹਕੂਮਤ ਦੇ ਸਭ ਲੋਕਾਂ ਨੂੰ ਕਰਨ ਦਾ ਹੱਕ ਸੀ ਭਾਵ ਉਨ੍ਹਾਂ ਨੇ ਰੋਮ ਵਿਚ ਰਾਜਪਾਲ ਦੀ ਸ਼ਿਕਾਇਤ ਕਰ ਦਿੱਤੀ। ਇਸੇ ਕਰਕੇ ਫ਼ੇਲਿਕਸ ਨੇ ਪੌਲੁਸ ਨੂੰ ਕੈਦ ਵਿਚ ਰੱਖਿਆ, ਭਾਵੇਂ ਉਹਨੂੰ ਪਤਾ ਸੀ ਕਿ ਪੌਲੁਸ ਨੂੰ ਛੱਡ ਦੇਣਾ ਚਾਹੀਦਾ ਹੈ। ਉਹ ਯਹੂਦੀਆਂ ਦੀ ਹਮਦਰਦੀ ਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।[45]

ਯਹੂਦੀਆਂ ਨੂੰ ਸ਼ਾਂਤ ਕਰਨ ਦੀਆਂ ਫ਼ੇਲਿਕਸ ਦੀਆਂ ਕੋਸ਼ਿਸ਼ਾਂ ਬਾਰੇ ਵਿਲੀਅਮ ਬਾਰਕਲੇ ਨੇ ਕਿਹਾ ਹੈ, ''ਇਸ ਸਭ ਦਾ ਕੋਈ ਮਕਸਦ ਨਹੀਂ ਸੀ। ਉਸ ਨੂੰ ਰਾਜਪਾਲ ਦੀ ਗੱਦੀ ਤੋਂ ਲਾਹ ਦਿੱਤਾ ਗਿਆ ਸੀ ਅਤੇ ਸਿਰਫ਼ ਆਪਣੇ ਭਰਾ ਪੱਲਾਸ ਦੇ ਪ੍ਰਭਾਵ ਨਾਲ ਹੀ ਉਹ ਮੌਤ ਦੀ ਸਜ਼ਾ ਤੋਂ ਬਚਿਆ ਸੀ।''[46] ਫ਼ੇਲਿਕਸ ਨੂੰ ਗਾਊਲ (ਫ਼੍ਰਾਂਸ) ਵਿਚ ਦੇਸ਼ ਨਿਕਾਲਾ ਦਿੱਤਾ ਗਿਆ ਸੀ ਅਤੇ ਉੱਥੇ ਹੀ ਉਹ ਮਰ ਗਿਆ। ਬਾਅਦ ਵਿਚ ਦਰੂਸਿੱਲਾ ਅਤੇ ਉਹਦਾ ਪੁੱਤਰ ਵੇਸੁਵਿਯੁਸ ਪਹਾੜ ਪਾਟਣ ਨਾਲ ਮਰ ਗਏ ਜਿਸ ਨਾਲ ਉਸ ਜੋੜੇ ਦੀ ਕਹਾਣੀ ਖ਼ਤਮ ਹੋ ਗਈ ਜਿਸ ਨੇ ਦੁਨੀਆਂ ਨੂੰ ਹਾਸਲ ਕਰਨਾ ਚਾਹਿਆ ਸੀ ਪਰ ਆਪਣੀ ਜਾਨ ਦਾ ਹੀ ਨੁਕਸਾਨ ਕਰਵਾ ਬੈਠੇ (ਮੱਤੀ 16:26)। ਇਹ ਕਹਾਣੀ ਹੋਰ ਵੀ ਦੁੱਖਦਾਈ ਹੋ ਜਾਂਦੀ ਹੈ ਜਦ ਕੋਈ ਉਸ ਸੁਨਹਿਰੀ ਦਿਨ ਨੂੰ ਯਾਦ ਕਰਦਾ ਹੈ ਜਦ ਇਨ੍ਹਾਂ ਦੋਹਾਂ ਨੇ ਪੌਲੁਸ ਕੋਲੋਂ ਆਪਣੇ ਪ੍ਰਭੂ ਬਾਰੇ ਗੱਲਾਂ ਸੁਣੀਆਂ ਸਨ। ''ਜੀਭ ਜਾਂ ਕਲਮ ਦੀਆਂ ਦੁਖਦਾਈ ਗੱਲਾਂ ਵਿਚ 'ਹੋ ਸਕਦਾ ਹੈ' ਸਭ ਤੋਂ ਦੁੱਖਦਾਈ ਹਨ!''[47]

## ਸਾਰ

ਰਸੂਲਾਂ ਦੇ ਕੰਮ 24 ਅਧਿਆਇ ਦੇ ਆਪਣੇ ਅਧਿਐਨ ਵਿਚ ਅਸੀਂ ਤਿੰਨ ਆਦਮੀਆਂ ਭਾਵ ਪੌਲੁਸ, ਫ਼ੇਲਿਕਸ ਅਤੇ ਦਰੂਸਿੱਲਾ ਉੱਤੇ ਮੁਕੱਦਮਾ ਹੁੰਦੇ ਵੇਖਿਆ। ਪਾਠ ਖ਼ਤਮ ਕਰਨ ਤੋਂ ਪਹਿਲਾਂ ਅਸੀਂ *ਚੌਥੇ* ਵਿਅਕਤੀ ਭਾਵ *ਤੁਹਾਡੇ ਉੱਤੇ* ਮੁਕੱਦਮੇ ਤੇ ਵਿਚਾਰ ਕਰਨਾ ਚਾਹੁੰਦੇ ਹਾਂ।

ਅੱਜ ਤੁਸੀਂ ਪਾਕ ਖ਼ੁਦਾ ਦੇ ਸਾਹਮਣੇ ਮੁਜਰਮ ਦੇ ਰੂਪ ਵਿਚ ਖੜੇ ਹੋ। ਤੁਹਾਡੇ ਉੱਤੇ ਪਾਪੀ ਹੋਣ ਦਾ ਇਲਜ਼ਾਮ ਹੈ ਅਤੇ ਤੁਹਾਡੇ ਲਈ ਇੱਕੋ ਹੀ ਤਰਕ ਹੈ ਕਿ ਤੁਸੀਂ ''ਮੁਜਰਮ'' ਹੋ (ਰੋਮੀਆਂ 3:23)। ਅਸੀਂ ਸਭ ਰੂਹਾਨੀ ਤੌਰ ਤੇ ਅਸ਼ੁੱਧ ਹਾਂ, ''ਸਾਡੇ ਸਭ ਧਰਮ ਪਲੀਤ ਕੱਪੜੇ ਵਰਗੇ ਹਨ'' (ਯਸਾਯਾਹ 64:6ਅ)।

ਖ਼ੁਦਾ ਤੁਹਾਨੂੰ ਮਾਫ਼ ਕਰਦਾ ਹੈ ਜਾਂ ਨਹੀਂ ਇਹ ਉਹਦੇ ਵਚਨ ਨੂੰ ਤੁਹਾਡੇ ਕਬੂਲ ਕਰਨ ਤੇ ਨਿਰਭਰ ਕਰਦਾ ਹੈ। ਕਈ ਲੋਕ ਦਰੂਸਿੱਲਾ ਵਾਂਗ ਲਾਪਰਵਾਹੀ ਨਾਲ ਖ਼ੁਦਾ ਦੇ ਫ਼ਜ਼ਲ ਨੂੰ ਠੁਕਰਾ ਕੇ ਜਵਾਬ ਦਿੰਦੇ ਹਨ। ਬਹੁਤ ਸਾਰੇ ਹੋਰ ਲੋਕ ਫ਼ੇਲਿਕਸ ਵਾਂਗ ਜਵਾਬ ਦਿੰਦੇ ਹਨ। ਆਪਣੇ ਅੰਦਰ ਝਾਤੀ ਮਾਰੋ: ਕੀ ''ਹੋਣ ਵਾਲੀ ਕਿਆਮਤ'' ਤੇ ਵਿਚਾਰ ਕਰਨ ਤੇ ਤੁਹਾਡਾ ਦਿਲ ਤੇਜ਼ ਤੇਜ਼ ਧੜਕਣ ਲੱਗ ਪੈਂਦਾ ਹੈ? ਕੀ ਤੁਸੀਂ ਫ਼ੇਲਿਕਸ ਵਾਂਗ ਕੰਬਦੇ ਤਾਂ ਹੋ ਪਰ ਫਿਰ ਵੀ ਆਪਣੀ ਜ਼ਿੰਦਗੀ ਦੀ ਦਿਸ਼ਾ ਨੂੰ ਬਦਲਣ ਦੀ ਕੋਈ ਯੋਜਨਾ ਨਹੀਂ ਬਣਾਉਂਦੇ? ਫ਼ੇਲਿਕਸ ਦੀ ਦਰਦ ਭਰੀ ਕਹਾਣੀ ਤੋਂ ਸਬਕ ਲਵੋ ਕਿ ਆਪਣੇ ਆਪ ਨੂੰ ਖ਼ੁਦਾ ਦੇ ਫ਼ਜ਼ਲ ਅੱਗੇ ਸੁੱਟ ਦਿਓ ਅਤੇ *ਹੁਣੇ ਸੁੱਟੋ!*

ਐਡਵਰਡ ਯੰਗ ਕਹਿੰਦਾ ਹੈ, ''ਟਾਲਣਾ ਸਮੇਂ ਦਾ ਚੋਰ ਹੈ।''[48] ਇਹ ਰੂਹਾਂ ਦਾ ਚੋਰ ਵੀ ਹੈ। ਇਕ ਪੁਰਾਣੀ ਕਹਾਵਤ ਹੈ, ''ਅੱਜ ਨਕਦ ਕੱਲ੍ਹ ਉਧਾਰ।'' ਜਿਸ ਤੋਂ ਭਾਵ ਹੈ ਕਿ ਕੱਲ੍ਹ ਕਦੇ ਆਉਣਾ ਹੀ ਨਹੀਂ। ਇਕ ਪ੍ਰਚਾਰਕ ਦੋਸਤ ਨੇ ਹਾਲ ਹੀ ਵਿਚ ਟਿੱਪਣੀ ਕੀਤੀ ਸੀ ਕਿ ''ਕੈਲੇਂਡਰ ਵਿਚ ਕਿਸੇ ਦਿਨ ਨਹੀਂ ਹੁੰਦਾ।''[49] ਬਾਈਬਲ ਐਲਾਨ ਕਰਦੀ ਹੈ:


> ਕੱਲ੍ਹ ਦਾ ਮਾਣ ਨਾ ਕਰ,
> ਕਿਉਂ ਜੋ ਤੂੰ ਨਹੀਂ ਜਾਣਦਾ ਕਿ ਇੱਕੋ ਦਿਨ ਵਿਚ ਕੀ ਹੋ ਜਾਵੇ (ਕਹਾਉਤਾਂ 27:1)।[50]
>
> ਕਿਉਂ ਜੋ ਉਹ ਆਖਦਾ ਹੈ ਭਈ ਮੈਂ ਮਨ ਭਾਉਂਦੇ ਸਮੇਂ ਵਿਚ ਤੇਰੀ ਸੁਣੀ ਅਤੇ ਮੁਕਤੀ ਦੇ ਦਿਨ ਤੇਰੀ ਸਹਾਇਤਾ ਕੀਤੀ। ਵੇਖੋ, ਹੁਣ ਹੀ ਮਨ ਭਾਉਂਦਾ ਸਮਾਂ ਹੈ, ਵੇਖੋ ਹੁਣ ਹੀ ਮੁਕਤੀ ਦਾ ਦਿਨ ਹੈ! (2 ਕੁਰਿੰਥੀਆਂ 6:2)।
>
> ਅੱਜ ਜੇ ਤੁਸੀਂ ਉਹਦੀ ਅਵਾਜ਼ ਸੁਣੋ, ਤਾਂ ਆਪਣੇ ਦਿਲਾਂ ਨੂੰ ਕਠੋਰ ਨਾ ਕਰੋ (ਇਬਰਾਨੀਆਂ 4:7ਅ)।

ਕਿਸੇ ਨੇ ਕਿਹਾ ਹੈ, ''ਇੰਜੀਲ ਦੀ ਗੱਲ ਮੰਨਣ ਲਈ ਤੁਹਾਡਾ ਇਕ ਦਿਨ ਆਖ਼ਰੀ ਦਿਨ ਹੋਵੇਗਾ।'' ਹੋ ਸਕਦਾ ਹੈ ਕਿ ਉਹ ਦਿਨ ਇਹੀ ਹੋਵੇ। ਜੇ ਤੁਸੀਂ ਅਜੇ ਪ੍ਰਭੂ ਕੋਲ ਨਹੀਂ ਆਏ, ਤਾਂ ਹੁਣੇ ਆ ਜਾਓ!

## ਵਿਜ਼ੂਅਲ ਏਡ ਨੋਟਸ

ਕਲਾਸ ਵਿਚ ਸ਼ੁਰੂ ਕਰਨ ਲਈ ਦਿਲਚਸਪੀ ਵਧਾਉਣ ਵਾਸਤੇ ਬੋਰਡ ਉੱਪਰ ਲਿਖੋ, ''ਦੁਨੀਆਂ ਦਾ ਸਭ ਤੋਂ ਵੱਡਾ ਭਾਰ।'' ਉਹਦੇ ਹੇਠਾਂ ਇਕ ਹਾਥੀ, ਵੇਟ ਲਿਫ਼ਟਰਾਂ ਵਾਲਾ ਭਾਰ ਅਤੇ ਹੋਰ ਭਾਰੀਆਂ ਚੀਜ਼ਾਂ ਬਣਾਓ। ਕਲਾਸ ਤੋਂ ਪੁੱਛੋ ਕਿ ਉਨ੍ਹਾਂ ਨੂੰ ''ਦੁਨੀਆਂ ਦਾ ਸਭ ਤੋਂ ਵੱਡਾ ਭਾਰ'' ਕੀ ਲਗਦਾ ਹੈ। ਫਿਰ ''weight'' ਨੂੰ ''wait'' ਵਿਚ ਬਦਲੋ ਧਿਆਨ ਦਿਓ ਕਿ ਸਭ ਤੋਂ ਭਾਰਾ ''ਵੇਟ'' *ਹੁਕਮ ਮੰਨਣ* ਦਾ ਵੇਟ ਭਾਵ ਇੰਤਜ਼ਾਰ ਕਰਨਾ ਹੈ।

ਕਈ ਵਾਰ ਫ਼ੇਲਿਕਸ ਉੱਤੇ ਪ੍ਰਚਾਰ ਕਰਨ ਲਈ ਮੈਂ ਅਸਾਨ ਜਿਹੀ ਰੂਪਰੇਖਾ ਬਣਾ ਕੇ ਬੋਰਡ ਉੱਤੇ ਇਸ ਨੂੰ ਸਪਸ਼ੱਟ ਕਰਨ ਲਈ (1) ਇਕ ਦੁਸ਼ਟ ਸੁਣਨ ਵਾਲਾ (2) ਇਕ ਬੇਖ਼ੌਫ਼ ਪ੍ਰਚਾਰਕ, (3) ਇਕ ਰੂਹ ਟੁੰਬਣ ਵਾਲਾ ਸੰਦੇਸ਼ ਅਤੇ (4) ਨਿਰਾਸ਼ ਕਰਨ ਵਾਲੇ ਨਤੀਜੇ ਵਰਤਦਾ ਹਾਂ। ''ਸੁਣਨ ਵਾਲਿਆਂ'' ਬਾਰੇ ਗੱਲ ਕਰਨ ਲਈ ਮੈਂ ਬੋਰਡ ਉੱਤੇ ਫ਼ੇਲਿਕਸ ਅਤੇ ਦਰੂਸਿੱਲਾ ਦੀ ਤਸਵੀਰ ਬਣਾਉਂਦਾ ਹਾਂ। ''ਪ੍ਰਚਾਰਕ'' ਉੱਤੇ ਚਰਚਾ ਕਰਨ ਸਮੇਂ ਮੈਂ ਪੌਲੁਸ ਨੂੰ ਬੇੜੀਆਂ ਨਾਲ ਬੱਧੇ ਵਿਖਾਇਆ। ''ਉਪਦੇਸ਼'' ਤੇ ਆ ਕੇ ਮੈਂ ਪੌਲੁਸ ਦੀਆਂ ਤਿੰਨ ਗੱਲਾਂ ਲਿਖੀਆਂ। ਅਖ਼ੀਰ 'ਚ ਮੈਂ ਬੋਰਡ ਉੱਤੇ ਮੋਟਾ ਕਰਕੇ, ''ਭੈ ਖਾਧਾ ਹੋਇਆ ਪਰ ਉਡੀਕ ਕਰਦਾ ਰਿਹਾ'' (ਜਾਂ ''ਕੰਬਦਾ ਹੋਇਆ, ਪਰ 'ਸਹੀ ਮੌਕੇ' ਦੀ ਉਡੀਕ ਕਰਦਾ'') ਲਿਖਿਆ।



ਉਪਦੇਸ਼:
ਧਰਮ
ਸੰਜਮ
ਹੋਣ ਵਾਲੀ ਅਦਾਲਤ

''ਭੈ ਖਾਧਾ ਹੋਇਆ
ਪਰ ਉਡੀਕ ਕਰਦਾ''

## ਸਰਮਨ ਨੋਟਸ

ਇਸ ਲੜੀ ਦੀ ਪਹਿਲੀ ਕਿਤਾਬ ਵਿਚ ਰਸੂਲਾਂ ਦੇ ਕੰਮ ਕਿਤਾਬ ਵਿਚ ਮਨਬਦਲੀਆਂ ਉੱਤੇ ਤੇਰਾਂ ਉਪਦੇਸ਼ਾਂ ਦੀ ਇਕ ਲੜੀ ਸੁਝਾਈ ਗਈ ਸੀ। ਫ਼ੇਲਿਕਸ ਦੇ ਨਾ ਬਦਲਣ ਤੇ ਇਹ ਪਾਠ ਉਨ੍ਹਾਂ ਵਿੱਚੋਂ ਇਕ ਹੈ। ਮਨਬਦਲੀ ਦੇ ਜਿਨ੍ਹਾਂ ਮਾਮਲਿਆਂ ਦਾ ਤੁਸੀਂ ਅਧਿਐਨ ਕੀਤਾ ਹੈ, ਉਨ੍ਹਾਂ ਦੀ ਸਮੀਖਿਆ ਸ਼ੁਰੂ ਕਰਕੇ ਧਿਆਨ ਦਿਓ: ''ਮਨੁੱਖ ਦੇ ਸੁਭਾਅ ਕਰਕੇ ਸਾਨੂੰ ਉਸ ਤੋਂ ਹੈਰਾਨੀ ਨਹੀਂ ਹੋਵੇਗੀ ਜੇ ਉਨ੍ਹਾਂ ਵਿੱਚੋਂ ਕਈ ਲੋਕ ਨਾ ਬਦਲਣ, ਕਿਉਂਕਿ ਹਰ ਕੋਈ ਵਚਨ ਨੂੰ ਕਬੂਲ ਨਹੀਂ ਕਰ ਲੈਂਦਾ। ਅਸੀਂ ਅੱਜ ਦੇ ਨਾ ਬਦਲਣ ਵਾਲਿਆਂ ਦੀ ਇਕ ਸ਼ਾਨਦਾਰ ਉਦਾਹਰਣ ਦਾ ਅਧਿਐਨ ਕਰਾਂਗੇ।'' ਇਨ੍ਹਾਂ ਉਪਦੇਸ਼ਾਂ ਤੇ ਵੱਖਰੀ ਲੜੀ ਦੇ ਰੂਪ ਵਿਚ ਪ੍ਰਚਾਰ ਕਰਨਾ ਹੋਵੇ ਤਾਂ ਇਸ ਪਾਠ ਵਿਚ ਉਨ੍ਹਾਂ ਹਵਾਲਿਆਂ ਨੂੰ ਕੱਢ ਦਿਓ ਜੋ ਪੌਲੁਸ ਦੇ ਮੁਕੱਦਮੇ ਨਾਲ ਮੇਲ ਖਾਂਦੇ ਹਨ। ਤੁਹਾਨੂੰ ਉਸ ਅਨੁਵਾਦ ਦੇ ਸ਼ਬਦਾਂ ਨਾਲ ਮੇਲ ਖਾਂਦੇ ਸਿਰਲੇਖ ਬਣਾਉਣੇ ਪੈਣਗੇ।

ਵਿਲੀਅਮ ਸਮਿੱਟੀ ਨੇ ''ਫ਼ੇਲਿਕਸ ਪਾਪੀਆਂ ਦਾ ਨਮੂਨਾ'' ਸਿਰਲੇਖ ਨਾਲ ਉਪਦੇਸ਼ ਲਈ ਇਹ ਸੁਝਾਅ ਦਿੱਤੇ ਸਨ: (1) *ਕੁਝ* ਪਾਪੀਆਂ ਵਾਂਗ ਫ਼ੇਲਿਕਸ ਸੱਚਾਈ ਨੂੰ ''ਸਹੀ ਸਹੀ ਜਾਣਦਾ'' ਸੀ। (2) *ਸਭ* ਪਾਪੀਆਂ ਵਾਂਗ ਫ਼ੇਲਿਕਸ ਫ਼ੈਸਲਾ ਲੈਣ ਵਿਚ ਜੱਕੋ-ਤੱਕੇ ਕਰਨ ਲੱਗ ਪਿਆ। (3) *ਬਹੁਤ ਸਾਰੇ* ਪਾਪੀਆਂ ਵਾਂਗ ਫ਼ੇਲਿਕਸ ਨੇ ਖ਼ੁਦਾ ਦੇ ਭੇਜੇ ਦੂਤ ਅਤੇ ਸੰਦੇਸ਼ ਤੋਂ ਮੂੰਹ ਮੋੜ ਲਿਆ। (4) ਫ਼ੇਲਿਕਸ ਨੂੰ *ਅਣਗਿਣਤ* ਪਾਪੀਆਂ ਵਾਂਗ ਖ਼ੁਦਾ ਦੇ ਵਚਨ ਨੂੰ ਸੁਣਨ ਅਤੇ ਉਸ ਉੱਤੇ ਵਿਸ਼ਵਾਸ ਕਰਨ ਦਾ ''ਢੁਕਵਾਂ ਮੌਕਾ'' ਫੇਰ ਕਦੇ ਨਹੀਂ ਮਿਲਿਆ। (ਵਿਲੀਅਮ

ਐਚ. ਸਮਿੱਟੀ, *300 ਸਰਮਨ ਆਊਟਲਾਈਨਜ਼ ਫ਼ਰਾਮ ਦਾ ਨਿਊ ਟੈਸਟਾਮੈਂਟ* [ਨੈਸ਼ਵਿੱਲੇ, ਟੈਨਿਸੀ: ਬ੍ਰਾਡਮੈਨ ਪ੍ਰੈੱਸ, 1983], 46.)

---

ਟਿੱਪਣੀਆਂ

[1]ਸੁਣਨ ਵਾਲਿਆਂ ਦੀ ਲੋੜ ਮੁਤਾਬਕ ਇਸ ਉਦਾਹਰਨ ਨੂੰ ਨਿੱਜੀ ਬਣਾ ਲਓ। ਜ਼ਿੰਦਗੀ ਦੇ ਅਜਿਹੇ ਕਿਹੜੇ ਆਮ ਕੰਮ ਹਨ ਜਿਨ੍ਹਾਂ ਨੂੰ ਲੋਕ ਟਾਲਦੇ ਰਹਿੰਦੇ ਹਨ? [2]ਪੌਲ ਰੋਜਰਜ਼, ''ਥ੍ਰੀ ਰਿਸਪੋਂਸਜ਼ ਐਟ ਏਥੰਸ'' *ਦ ਪ੍ਰੀਚਰ'ਜ ਪੀਰਿਓਡੀਕਲ* (ਮਈ 1985), 5:20 ਵਿਚ ਦੁਹਰਾਇਆ ਗਿਆ। [3]ਹੋ ਸਕਦਾ ਹੈ ਕਿ ''ਪਹੁੰਚੇ'' ਦਾ ਸਿਰਫ਼ ਇਹੀ ਅਰਥ ਹੋਵੇ ਕਿ ਉਹ ਜਿੱਥੇ ਕੈਸਰੀਆ ਵਿਚ ਠਹਿਰੇ ਹੋਏ ਸਨ, ਉੱਥੋਂ ਉਸ ਥਾਂ ਗਏ ਜਿੱਥੇ ਪੌਲੁਸ ਕੈਦ ਸੀ; ਪਰ ਰਾਜਪਾਲ ਆਮਤੌਰ 'ਤੇ ਮਹਿਲ ਦੇ ਅੰਦਰ ਹੀ ਰੁਕਦਾ ਸੀ ਅਤੇ ਪੌਲੁਸ ਨੂੰ ਉੱਥੇ ਹੀ ਕੈਦ ਰੱਖਿਆ ਹੋਇਆ ਸੀ, ਇਸ ਕਰਕੇ ''ਪਹੁੰਚੇ'' ਦਾ ਸੁਭਾਵਕ ਅਰਥ ਇਹੀ ਹੈ ਕਿ ਸ਼ਹਿਰੋਂ ਬਾਹਰ ਗਏ ਹੋਏ ਸਨ ਅਤੇ ਮੁੜ ਆਏ ਸਨ। [4]''ਫ਼ੇਲਿਕਸ'' ਦਾ ਅਰਥ ''ਖ਼ੁਸ਼'' ਹੈ। ਇਹ ਨਾਂਅ ਉਹਨੇ ਗੁਲਾਮੀ ਤੋਂ ਅਜ਼ਾਦ ਹੋਣ ਵੇਲੇ ਰੱਖਿਆ ਹੋਵੇਗਾ। ਪਰ ਜਿਵੇਂ ਕਿ ਅਸੀਂ ਵੇਖਾਂਗੇ, ''ਸ੍ਰੀਮਾਨ ਖ਼ੁਸ਼'' ਬਹੁਤਾ ਖ਼ੁਸ਼ ਨਹੀਂ ਸੀ। [5]ਜੇ.ਡਬਲਊ. ਮੈਕਗਰਵੇ, *ਨਿਊ ਕਮੈਂਟਰੀ ਆਨ ਐਕਟਸ ਆਫ਼ ਅਪੋਸਟਲਜ਼,* ਅੰਕ 2 (ਡਿਲਾਈਟ, ਅਰਕੈਂਸਾ: ਗੌਸਪਲ ਲਾਈਟ ਪਬਲਿਸ਼ਿੰਗ ਕੰ., ਮਿਤੀ ਰਹਿਤ), 239 ਵਿਚ ਦੁਹਰਾਇਆ ਗਿਆ। [6]ਜੀ. ਕੈਂਪਬੈੱਲ ਮੋਰਗਨ, *ਦ ਐਕਟਸ ਆਫ਼ ਦੇ ਅਪੋਸਟਲਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਫ਼ਲੇਮਿੰਗ ਐਚ. ਰੇਵਲ, 1988 ਅੰਕ), 388. [7]*ਟਰੁੱਥ ਫ਼ਾਰ ਟੁਡੇ ਦੀ ਕਿਤਾਬ* ''ਰਸੂਲਾਂ ਦੇ ਕੰਮ, 3'' ਵਿਚ ''ਹੈਰੋਦੇਸ ਦਾ ਘਰਾਣਾ'' ਦੇ ਚਾਰਟ ਅਤੇ ਉਸੇ ਭਾਗ ਦੇ ਪਾਠ ''ਆਦਮੀ ਜਿਸ ਨੇ ਆਪਣੇ ਆਪ ਨੂੰ ਖ਼ੁਦਾ ਸਮਝਿਆ ਸੀ'' ਵਿਚ ਦਰੂਸਿੱਲਾ ਦਾ ਜ਼ਿਕਰ ਵੇਖੋ। [8]*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 3'' ਵਿਚ ''ਹੈਰੋਦੇਸ ਦਾ ਘਰਾਣਾ'' ਚਾਰਟ ਅਤੇ ''ਆਦਮੀ ਜਿਸ ਨੇ ਆਪਣੇ ਆਪ ਨੂੰ ਖ਼ੁਦਾ ਸਮਝਿਆ ਸੀ'' ਵਿਚ ਮਰਿਅਮਨੇ ਅਤੇ ਉਹਦੀ ਔਲਾਦ 'ਤੇ ਨੋਟਸ ਵੇਖੋ। [9]ਕਲੋਵਿਸ ਜੀ. ਚੈਪਲ, *ਵੈਲਿਯੂਜ਼ ਦੈਟ ਲਾਸਟ* (ਨਿਊ ਯਾਰਕ: ਅਬਿਡਨ ਪ੍ਰੈੱਸ, 1939), 10. [10]ਫ਼ੇਲਿਕਸ ਦੇ ਸਾਰੇ ਵਿਆਹ ਸਮਾਜਕ ਰੁਤਬੇ ਲਈ ਸਨ; ਉਹਦੀਆਂ ਤਿੰਨ ਬੀਵੀਆਂ ਸ਼ਾਹੀ ਖ਼ਾਨਦਾਨ ਵਿੱਚੋਂ ਸਨ। ਇਕ ਤਾਂ ਐਂਟਨੀ ਅਤੇ ਕਲਿਓਪੈਟਰਾ ਦੀ ਪੋਤੀ ਸੀ।

[11]ਆਦਮੀ ਪਾਪ ਤੋਂ ਬੜੀ ਛੇਤੀ ਅੱਕ ਜਾਂਦਾ ਹੈ ਜੇ ਸਾਡੇ ਇਸ ਭਗਤੀਹੀਨ ਯੁਗ ਵਿਚ ਪੁਰਾਣੇ ਜ਼ਮਾਨੇ ਵਾਲੇ ਬਾਬੁਲ ਦਾ ਕੋਈ ਲੁੱਚਾ ਜੀ ਉੱਠੇ, ਤਾਂ ਉਹ ਆਕੜ ਭੰਨਦਿਆਂ ਸਿਰਫ਼ ਐਨਾ ਹੀ ਕਹੇਗਾ, ''ਇਹ ਸਭ ਮੇਰਾ ਪਹਿਲਾਂ ਹੀ ਵੇਖਿਆ ਹੋਇਆ ਹੈ।'' [12]ਸੀ.ਸੀ. ਕਰਾਫ਼ੋਰਡ, *ਸਰਮਨ ਆਊਟਲਾਈਨਜ਼ ਆਨ ਐਕਟਸ,* ਸੋਧਿਆ ਅੰਕ (ਮਰਫ਼ਰੀਸਬੋਰੋ, ਟੈਨਿਸੀ: ਡਿਹੌਫ਼ ਪਬਲੀਕੇਸ਼ੰਜ਼, 1956), 230. [13]ਫ਼ੇਲਿਕਸ ਅਤੇ ਦਰੂਸਿੱਲਾ ਦੇ ਭ੍ਰਸ਼ਟ ਹੋਣ ਦੇ ਬਾਵਜੂਦ ਖ਼ੁਦਾ ਉਨ੍ਹਾਂ ਨੂੰ ਬਚਾਉਣਾ ਚਾਹੁੰਦਾ ਸੀ (2 ਪਤਰਸ 3:9)। ਉਨ੍ਹਾਂ ਨੂੰ ਬਦਲਣਾ ''ਔਖਾ ਕੰਮ'' ਸੀ, ਪਰ ਉਨ੍ਹਾਂ ਹੋਰ ਲੋਕਾਂ (ਸ਼ਮੌਨ ਜਾਦੂਗਰ, ਦਰੋਗਾ, ਸੌਲੁਸ ਆਦਿ) ਨਾਲੋਂ ਔਖਾ ਨਹੀਂ ਸੀ ਜੋ ਮਸੀਹ ਦੇ ਮੁਕਤੀ ਦੇ ਗਿਆਨ ਤਕ ਅੱਪੜ ਗਏ ਸਨ। [14]ਲਾਇਡ ਜੇ. ਓਗਿਲਵੀ, *ਦ ਕਮਿਊਨੀਕੇਟਰਜ਼, ਕਮੈਂਟਰੀ,* ਅੰਕ 5, *ਐਕਟਸ* (ਡੈਲਸ: ਵਰਲਡ ਪਬਲਿਸ਼ਿੰਗ, 1983), 310. [15]''ਧਰਮ'' ਪੌਲੁਸ ਦੇ ਪਸੰਦੀਦਾ ਸ਼ਬਦਾਂ ਵਿੱਚੋਂ ਸੀ; ਉਹਨੇ ਆਪਣੀਆਂ ਪੱਤਰੀਆਂ ਵਿਚ 56 ਵਾਰ ਇਹਦੀ ਵਰਤੋਂ ਕੀਤੀ। [16]ਵਾਰੇਨ ਡਬਲਊ. ਵਿਅਰਸਬੇ, *ਦ ਬਾਈਬਲ ਐਕਸਪੋਜ਼ਿਸ਼ਨ ਕਮੈਂਟਰੀ,* ਅੰਕ 1 (ਵ੍ਹੀਟਨ, ਇਲੀਨੋਇਸ, ਵਿਕਟਰ ਬੁਕਸ, 1989), 501 ਵਿਚ ਦੁਹਰਾਇਆ ਗਿਆ ਹੈ। [17]ਸੁਣਨ ਵਾਲਿਆਂ ਵਿਚ ਗੁਆਚੇ ਹੋਇਆ ਦੀ ਲੋੜ ਮੁਤਾਬਕ ਇਸ ਨੂੰ ਵਿਸਤਾਰ ਦਿੱਤਾ ਜਾਣਾ ਚਾਹੀਦਾ ਹੈ। [18]1 ਕੁਰਿੰਥੀਆਂ 9:25 ਅਤੇ ਤੀਤੁਸ 1:8 ਵੀ ਵੇਖੋ। [19]ਅਨੁਵਾਦ ਹੋਏ ਸ਼ਬਦ ''ਸੰਜਮ'' ਦਾ ਮੂਲ ਯੂਨਾਨੀ ਇਕ ਮਿਸ਼ਰਤ ਸ਼ਬਦ ਹੈ ਜਿਸਦਾ ਮੂਲ ਅਰਥ ''ਤਾਕਤ ਨਾਲ [ਜਾਂ ਵਿੱਚੋਂ]।'' [20]''ਸੰਜਮ'' ਸ਼ਬਦ ਦੀ ਵਰਤੋਂ ਕਿਸੇ ਬੁਰਾਈ ਤੋਂ ਦੂਰ ਰਹਿਣ ਦੇ ਵਿਚਾਰ ਦੱਸਣ ਲਈ ਹੁੰਦੀ ਹੈ।

[21]ਸਾਈਮਨ ਜੇ. ਕਿਸਟਮੇਕਰ, *ਨਿਊ ਟੈਸਟਾਮੈਂਟ ਕਮੈਂਟਰੀ: ਐਕਸਪੋਜ਼ਿਸ਼ਨ ਆਫ਼ ਦ ਐਕਟਸ ਆਫ਼ ਦ ਅਪੋਸਟਲਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1990), 852. [22]ਇਹ ਪੈਰਾ ਸਰਮਨ ਨੂੰ ਓਵੇਂ ਹੀ ਖ਼ਾਸ ਅਤੇ ਵਿਹਾਰਕ ਬਣਾਉਣ ਦੀ ਕੋਸ਼ਿਸ਼ ਹੈ ਜਿਵੇਂ ਪੌਲੁਸ ਨੇ ਬਣਾਇਆ ਸੀ। ਇਸ ਭਾਗ ਨੂੰ ਦੁਨੀਆ ਦੇ ਵੱਖੋ-ਵੱਖ ਭਾਗਾਂ ਦੀ ਲੋੜ ਮੁਤਾਬਕ ਬਦਲ ਲੈਣਾ ਚਾਹੀਦਾ ਹੈ। [23]ਆਧੁਨਿਕ ਬਹੁ ਪ੍ਰਚਾਰਿਤ ''ਮੌਤ ਦੇ ਮੂੰਹ 'ਚੋਂ ਹੋ

ਕੇ ਆਉਣ ਦੇ ਤਜਰਬੇ'' (ਸਾਰੇ ਨਹੀਂ ਤਾਂ ਉਨ੍ਹਾਂ ਵਿੱਚੋਂ ਜ਼ਿਆਦਾ ਸ਼ੱਕੀ) ਇਹ ਅਸਰ ਛੱਡਣਗੇ ਕਿ ਮੌਤ ਦੇ ਬਾਅਦ ਸਭ ਲੋਕ ਖ਼ੁਸ਼, ਖ਼ੁਦਾ ਦੀ ਬੰਦਗੀ ਕਰ ਰਹੇ ਹੋਣਗੇ। ਬਾਈਬਲ ਇਹਦੇ ਉਲਟ ਦੱਸਦੀ ਹੈ (ਮੱਤੀ 7:13, 14)।[24]ਹੋਰ ਆਇਤਾਂ ਵਿਚ 2 ਥੱਸਲੁਨੀਕਿਆਂ 1:1-9; 1 ਪਤਰਸ 4:17-19; 2 ਪਤਰਸ 2:9-14; 3:3-10 ਵਰਤੀਆਂ ਜਾ ਸਕਦੀਆਂ ਹਨ।[25]ਅਸੀਂ ਉਸ ਹਾਕਮ ਤੋਂ ਲਾਪਰਵਾਹੀ, ਮਜ਼ਾਕ, ਇੱਥੋਂ ਤਕ ਕਿ ਗੁੱਸਾ ਕਰਨ ਦੀ ਗੱਲ ਸੋਚੀ ਹੋਵੇਗੀ।[26]ਚੈਪਲ, 18. [27]ਫ਼ੇਲਿਕਸ ਨੂੰ ''ਸੰਸਾਰ ਦੀ ਉਦਾਸੀ'' (2 ਕੁਰਿੰਥੀਆ 7:10) ਦੀ ਮਿਸਾਲ ਦੇ ਤੌਰ 'ਤੇ ਵਰਤਿਆ ਗਿਆ ਹੈ।[28]ਸਚਮੁਚ ਅਹਿਮ ਗੱਲਾਂ ਲਈ ਸਾਨੂੰ ''ਵਕਤ *ਮਿਲਦਾ*'' ਨਹੀਂ ਸਗੋਂ ''ਵਕਤ *ਕੱਢਣਾ*'' ਪੈਂਦਾ ਹੈ।[29]ਇਸ ਜਵਾਬ ਦੀ ਤੁਲਨਾ ਰਸੂਲਾਂ ਦੇ ਕੰਮ 17:32 ਵਿਚ ਅਥੇਨੇ ਦੇ ਲੋਕਾਂ ਨਾਲ ਕਰੋ।[30]ਮੋਰਗਨ, 388.

[31]ਟਾਲ ਮਟੋਲ ਕਰਨ ਲਈ ਫ਼ੇਲਿਕਸ ਅਤੇ ਲੋਕਾਂ ਦੇ ਮਸ਼ਹੂਰ ਬਹਾਨਿਆਂ ਦੀ ਤੁਲਨਾ ਕੀਤੀ ਜਾਣੀ ਚਾਹੀਦੀ ਹੈ।[32]ਅਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਫ਼ੇਲਿਕਸ ਨੇ ਪੌਲੁਸ ਨੂੰ ਦੁਬਾਰਾ ਸੁਣਨ ਵਿਚ ਦਿਲਚਸਪੀ ਦਿਖਾਈ ਹੋਵੇ। [33]ਓਗਿਲਵੀ, 328. [34]''ਮੌਕੇ ਦੀ ਖਿੜਕੀ'' ਉਸ ਥੋੜ੍ਹੇ ਜਿਹੇ ਵਕਤ ਨੂੰ ਕਿਹਾ ਗਿਆ ਹੈ ਜਿਸ ਵਿਚ ਕੋਈ ਖ਼ਾਸ ਮਕਸਦ ਹਾਸਲ ਕੀਤਾ ਜਾ ਸਕਦਾ ਸੀ ਜਾਂ ਕਿਸੇ ਅਜਿਹੇ ਕੰਮ ਨੂੰ ਪੂਰਾ ਕੀਤਾ ਜਾ ਸਕਦਾ ਹੈ ਜਿਸਦੀ ਇੱਛਾ ਕੀਤੀ ਗਈ ਹੋਵੇ। ਵਕਤ ਇਕ ਵਾਰ ਹੱਥੋਂ ਨਿਕਲ ਜਾਣ 'ਤੇ ਉਹ ਦੁਬਾਰਾ ਨਹੀਂ ਆਉਂਦਾ।[35]ਟਾਲ ਮਟੋਲ ਦੇ ਖ਼ਤਰਿਆਂ 'ਤੇ ਜ਼ੋਰ ਦਿੱਤੇ ਜਾਣ ਦੀ ਲੋੜ ਹੈ: (1) ਦੂਜਾ ਮੌਕਾ ਮਿਲਣ ਤੋਂ ਪਹਿਲਾਂ ਕਿਸੇ ਦੀ ਮੌਤ ਹੋ ਸਕਦੀ ਹੈ; (2) ਹੋ ਸਕਦਾ ਹੈ ਕਿ ਪ੍ਰਭੂ ਹੀ ਵਾਪਸ ਆ ਜਾਵੇ; (3) ਉਹਦਾ ਮਨ ਸਖ਼ਤ ਹੋ ਸਕਦਾ ਹੈ। ਜਿੰਨੀ ਵਾਰ ਕੋਈ ਇੰਜੀਲ ਦੇ ਸੱਦੇ ਨੂੰ ਠੁਕਰਾਉਂਦਾ ਹੈ ਓਨਾਂ ਹੀ ਉਹਦਾ ਦਿਲ ਹੋਰ ਸਖ਼ਤ ਹੋਈ ਜਾਂਦਾ ਹੈ।[36]ਲਿਖਤ ਦੱਸਦੀ ਹੈ ਕਿ ''ਨਾਲੇ ਇਹ ਵੀ ਆਸ ਰੱਖਦਾ ਸੀ ਕਿ ਪੌਲੁਸ ਮੈਨੂੰ ਕੁੱਝ ਰੋਕੜ ਦੇਵੇਗਾ।'' ਮੈਂ ''ਨਾਲੇ ਇਹ ਵੀ'' ਸ਼ਬਦਾਂ ਨੂੰ ਇਹ ਸੰਕੇਤ ਦੇਣ ਲਈ ਚੁਣ ਲੈਂਦਾ ਹਾਂ ਕਿ ਸ਼ੁਰੂ ਵਿਚ ਫ਼ੇਲਿਕਸ ਦੀ ਕੋਈ ਦਿਲਚਸਪੀ ਨਹੀਂ ਸੀ। ਪਰ ਸਪਸ਼ਟ ਤੌਰ 'ਤੇ ਫ਼ੇਲਿਕਸ ਦੀ ਕਿਸੇ ਸੰਜੀਦਾ ਦਿਲਚਸਪੀ ਨੂੰ ਦੂਰ ਕਰਨ ਲਈ ਲਾਲਚ ਨੇ ਵੱਡੀ ਭੂਮਿਕਾ ਨਿਭਾਈ।[37]ਇਸ ਕਿਤਾਬ ਵਿਚ ''ਪੌਲੁਸ 'ਤੇ ਮੁਕੱਦਮਾ'' ਪਾਠ ਵਿਚ ਰਸੂਲਾਂ ਦੇ ਕੰਮ 24:17 'ਤੇ ਨੋਟਸ ਵੇਖੋ।[38]ਫ਼ੇਲਿਕਸ ਅਜਿਹਾ ਹਾਕਮ ਸੀ ਜਿਹਦੀ ਪਤਨੀ ਸ਼ਾਹੀ ਖ਼ਾਨਦਾਨ ਵਿੱਚੋਂ ਸੀ ਅਤੇ ਉਹਦਾ ਭਰਾ ਰੋਮ ਵਿਚ ਸਭ ਤੋਂ ਅਮੀਰ ਲੋਕਾਂ ਵਿੱਚੋਂ ਮੰਨਿਆ ਜਾਂਦਾ ਸੀ ਜਿਸ ਕਰਕੇ ਮਾੜੀ ਮੋਟੀ ਰਿਸ਼ਵਤ ਨਾਲ ਕੰਮ ਨਹੀਂ ਬਣਨਾ ਸੀ।[39]ਵੇਖੋ ਕੂਚ 23:8; ਵਿਵਸਥਾ ਸਾਰ 16:19; 2 ਇਤਿਹਾਸ 19:7; ਜ਼ਬੂਰ 15:5, 27. [40]ਕਈ ਥਾਈਂ ਰਿਸ਼ਵਤ ਜ਼ਿੰਦਗੀ ਦਾ ਹਿੱਸਾ ਬਣ ਚੁੱਕੀ ਹੈ, ਇਸ ਨੂੰ ਕੀਤੀ ਜਾਣ ਵਾਲੀ ਹਰ ਖ਼ਰੀਦ ਜਾਂ ਕੰਮ ਲਈ ਲਗਭਗ ''ਵਾਧੂ ਟੈਕਸ'' ਦੇ ਤੌਰ 'ਤੇ ਲਿਆ ਜਾਂਦਾ ਹੈ। ਬਹੁਤ ਸਾਰੇ ਲੋਕਾਂ ਨੂੰ ਰੋਜ਼ਾਨਾ ਜ਼ਿੰਦਗੀ ਵਿਚ ਰਿਸ਼ਵਤ 'ਤੇ ਬਾਈਬਲ ਦੀ ਸਿੱਖਿਆ ਨੂੰ ਮੰਨਣ ਵਿਚ ਮੁਸ਼ਕਿਲ ਆਉਂਦੀ ਹੈ, ਜੋ ਮੈਨੂੰ ਕਦੇ ਨਹੀਂ ਆਈ। ਮੈਨੂੰ ਸਮਝ ਨਹੀਂ ਆਉਂਦਾ ਕਿ ਇਨ੍ਹਾਂ ਸਭ ਉਲਝਣਾਂ ਨੂੰ ਕਿਵੇਂ ਦੂਰ ਕੀਤਾ ਜਾਵੇ। ਰਿਸ਼ਵਤ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਨਾਲ ਮੈਂ ਸਿਰਫ਼ ਹਮਦਰਦੀ ਵਿਖਾਉਂਦਾ ਹੋਇਆ ਦੁਆ ਹੀ ਕਰ ਸਕਦਾ ਹਾਂ।

[41]ਸਪਸ਼ਟ ਹੈ ਕਿ ਦੂਜੀ ਸੁਣਵਾਈ ਜਿਹਦਾ ਵਾਅਦਾ ਫ਼ੇਲਿਕਸ ਨੇ ਕੀਤਾ ਸੀ, ਕਦੇ ਨਹੀਂ ਹੋਈ (24:22)। [42]ਪੁਰਕਿਯੁਸ ਫ਼ੇਸਤੁਸ ਬਾਰੇ ਜੋ ਥੋੜੀ ਬਹੁਤ ਜਾਣਕਾਰੀ ਸਾਡੇ ਕੋਲ ਹੈ ਉਹਦੇ ਲਈ ਅਗਲੇ ਪਾਠ ਦੇ ਸ਼ੁਰੂ ਵਿਚ ਵੇਖੋ। [43]ਕਾਨੂੰਨੀ ਕਾਰਵਾਹੀ ਕਰਕੇ ਫ਼ੇਲਿਕਸ ਪੌਲੁਸ ਨੂੰ ਛੱਡ ਹੀ ਸਕਦਾ ਸੀ, ਸੋ ਇਕ ਵਾਰ ਫੇਰ ਉਹਨੇ ਕੁਝ ਨਾ ਕਰਨ ਨੂੰ ਪਹਿਲ ਦਿੱਤੀ। ਰੂਹਾਨੀ ਤੌਰ 'ਤੇ ਫ਼ੇਲਿਕਸ ਕੈਦੀ ਹੀ ਰਿਹਾ ਜਦਕਿ ਪੌਲੁਸ ਮਸੀਹ ਵਿਚ ਅਜ਼ਾਦ ਸੀ। ਇਕ ਲਿਖਤ ਵਿਚ ''ਕੈਦੀ ਬਣਾ ਕੇ'' ਦੇ ਬਾਅਦ ''ਦਰੁਸਿੱਲਾ ਦੀ ਖ਼ਾਤਰ'' ਜੋੜਿਆ ਗਿਆ ਹੈ। ਸ਼ਾਇਦ ਦਰੁਸਿੱਲਾ ਉਸ ਆਦਮੀ ਨਾਲ ਨਫ਼ਰਤ ਕਰਕੇ ਜਿਹਦੀਆਂ ਗੱਲਾਂ ਉਹਨੂੰ ਮਾੜੀਆਂ ਲੱਗੀਆਂ ਸਨ, ਆਪਣੀ ਭੂਆ ਦੇ ਮਗਰ ਲੱਗੀ (ਮਰਕੁੱਸ 6:19)।[44]ਰਸੂਲਾਂ ਦੇ ਕੰਮ ਕਿਤਾਬ ਦੇ ਕਾਲਕ੍ਰਮ 'ਤੇ ਕੰਮ ਕਰਦਿਆਂ ਆਇਤ 27 ਮੁੱਖ ਹਵਾਲਾ ਹੈ; ਦੋ ਸਾਲ ਪਹਿਲਾਂ 57ਈ. ਵਿਚ ਪੌਲੁਸ ਨੂੰ ਯਰੂਸ਼ਲਮ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ; ਫੇਸਤੁਸ ਦੇ ਰਾਜਪਾਲ ਬਣਨ ਦੇ ਥੋੜੀ ਦੇਰ ਬਾਅਦ ਉਹ ਰੋਮ ਤੋਂ ਚੱਲ ਪਿਆ ਸੀ (60ਈ.?) ਅਤੇ ਦੋ ਸਾਲ ਉੱਥੇ ਰਿਹਾ (28:30), ਸੋ ਇਹ ਕਿਤਾਬ 62ਈ. ਦੇ ਨੇੜੇ-ਤੇੜੇ ਪੂਰੀ ਹੋਈ।[45]ਵਿਲੀਅਮ ਬਾਰਕਲੇ, *ਦ ਐਕਟਸ ਆਫ਼ ਦ ਅਪੋਸਟਲਜ਼,* ਦ ਡੇਲੀ ਸਟੱਡੀ ਬਾਈਬਲ ਸੀਰੀਜ਼, ਸੋਧਿਆ ਅੰਕ (ਫਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1976), 171. [46]ਓਹੀ।[47]ਜੌਨ ਵਿੱਟੀਅਰ, *ਮਾਉਡ ਮੁੱਲਰ,* 53. [48]ਜੌਨ ਬਾਰਟਲੈੱਟ, *ਦ ਸ਼ੌਰਟਰ ਬਾਰਟਲੈੱਟ'ਜ਼ ਫ਼ੈਮੀਲੀਅਰ ਕੁਟੇਸ਼ਨਜ਼,* ਸੰਪਾਦਕ ਕ੍ਰਿਸਟੋਫ਼ਰ ਮੋਰਲੀ (ਨਿਊ ਯਾਰਕ: ਪਰਮਾਬੁਕਸ, 1953), 438. [49]ਜੁਡਸੋਨੀਆ ਚਰਚ ਆਫ਼ ਕ੍ਰਾਈਸਟ, ਜੁਡਸੋਨੀਆ, ਅਰਕੈਂਸਾ ਵਿਚ 11 ਫ਼ਰਵਰੀ 1996 ਨੂੰ ਦਿਤਾ ਜੈੱਫ਼ ਟੇਲਰ ਦਾ ਸੰਦੇਸ਼।[50]ਲੂਕਾ 12:19-21; ਯਾਕੂਬ 4:13, 14 ਵੀ ਵੇਖੋ।



© 2009 Truth for Today